
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 31
November 8, 2017
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## 'ਆਪਣਿਆਂ' ਦੀਆਂ ਗੋਲੀਆਂ ਦਾ ਵਧੇਰੇ ਸ਼ਿਕਾਰ ਹੋ ਰਹੇ ਹਨ ਅਮਰੀਕੀ

**ਵਾਸ਼ਿੰਗਟਨ—** ਅਮਰੀਕਾ 'ਚ ਬੰਦੂਕ ਦੀ ਪਰੰਪਰਾ ਇਕ ਵਾਰ ਫਿਰ ਚਰਚਾ 'ਚ ਆ ਗਈ ਹੈ। ਇਸ ਦਾ ਕਾਰਨ ਹੈ ਟੈਕਸਾਸ ਦੇ ਚਰਚ 'ਚ ਹੋਈ ਗੋਲੀਬਾਰੀ। ਟੈਕਸਾਸ ਦੇ ਇਕ ਚਰਚ ਅੰਦਰ ਹੋਈ ਗੋਲੀਬਾਰੀ 'ਚ ਕਰੀਬ 26 ਲੋਕ ਮਾਰੇ ਗਏ ਤੇ 20 ਲੋਕ ਜ਼ਖਮੀ ਹੋਏ। ਰਿਪੋਰਟ ਮੁਤਾਬਕ ਅਮਰੀਕਾ 'ਚ ਅੱਤਵਾਦੀ ਦੀ ਬੰਦੂਕ ਨਾਲ ਜਿੰਨੇ ਲੋਕ ਮਾਰੇ ਜਾਂਦੇ ਹਨ, ਉਨ੍ਹਾਂ 'ਚੋਂ 2000 ਗੁਣਾ ਜ਼ਿਆਦਾ ਲੋਕ ਆਪਣੇ ਹੀ ਦੇਸ਼ ਦੇ ਨਾਗਰਿਕਾਂ ਵੱਲੋਂ ਕੀਤੀ ਗਈ ਗੋਲੀਬਾਰੀ 'ਚ ਮਾਰੇ ਜਾਂਦੇ ਹਨ।

ਗਨ ਵਾਇਲੈਂਸ ਆਰਕਾਈਵ ਮੁਤਾਬਕ ਇਸ ਸਾਲ ਹੁਣ ਤਕ



ਬੰਦੂਕ ਨਾਲ ਹੋਈਆਂ ਘਟਨਾਵਾਂ ਦੇ 52,386 ਮਾਮਲੇ ਸਾਹਮਣੇ ਆਏ ਹਨ। ਇਸ 'ਚ 13,149 ਲੋਕਾਂ ਦੀ ਮੌਤ ਹੋ ਗਈ ਹੈ। ਇਨ੍ਹਾਂ 'ਚ 307 ਮਾਸ ਸ਼ੂਟਿੰਗ ਦੇ ਮਾਮਲੇ ਸਨ। 1949 ਤੋਂ ਬਾਅਦ 5 ਸਭ ਤੋਂ ਵੱਡੀ ਮਾਸ ਸ਼ੂਟਿੰਗ 'ਚ 2 ਪਿਛਲੇ 35 ਦਿਨਾਂ ਦੌਰਾਨ ਹੋਈ ਹੈ। ਇਹ ਦੋ ਘਟਨਾਵਾਂ ਹਨ ਲਾਸ ਵੇਗਾਸ ਤੇ ਟੈਕਸਾਸ ਚਰਚ ਸ਼ੂਟਿੰਗ। 1 ਅਕਤੂਬਰ ਨੂੰ ਲਾਸ ਵੇਗਾਸ 'ਚ ਹੋਈ ਫਾਇਰਿੰਗ ਦੀ ਘਟਨਾ 'ਚ 58 ਲੋਕ ਮਾਰੇ ਗਏ ਸੀ। 9Ḳ11 ਅੱਤਵਾਦੀ ਹਮਲੇ ਤੋਂ ਬਾਅਦ ਅਮਰੀਕਾ 'ਚ ਜਿਹਾਦੀ ਅੱਤਵਾਦੀ

(ਬਾਕੀ ਸਫਾਂ 4 ਤੇ)

# ਯੂਬਾ ਸਿਟੀ, ਕੈਲੇਫੋਰਨੀਆ ਵਿਚ ਕੱਢੇ ਗਏ ਵਿਸ਼ਾਲ ਨਗਰ ਕੀਰਤਨ 'ਚ ਉਮੜਿਆ ਸੰਗਤਾਂ ਦਾ ਸੈਲਾਬ

## ਆਤਿਸ਼ਬਾਜ਼ੀ, ਅੰਮ੍ਰਿਤ ਸੰਚਾਰ, ਨਿਸ਼ਾਨ ਸਾਹਿਬ ਸੇਵਾ, ਕੀਰਤਨ ਦਰਬਾਰ ਤੇ ਸੈਮੀਨਾਰ ਸਮਾਗਮਾਂ ਦੇ ਵਿਸ਼ੇਸ਼ ਆਯੋਜਨ ਕੀਤੇ

**ਯੂਬਾ ਸਿਟੀ ਤੋਂ ਹੁਸਨ ਲੜੋਆ ਬੰਗਾ ਦੀ ਰਿਪੋਰਟ:**

ਵਿਸ਼ਵ ਪੱਧਰੀ ਨਗਰ ਕੀਰਤਨਾਂ ਵਿਚ ਆਪਣਾ ਨਾਂ ਸ਼ੁਮਾਰ ਕਰਨ ਵਾਲੇ ਯੂਬਾ ਸਿਟੀ ਨਗਰ ਕੀਰਤਨ ਨੇ ਐਤਕਾਂ ਵੀ ਕਈ ਦਿਸਹੱਦੇ ਪੈਦਾ ਕੀਤੇ। ਇਸ ਨਗਰ ਕੀਰਤਨ ਵਿਚ ਜਿੱਥੇ ਹਰ ਵਰਗ ਦੇ ਵਿਅਕਤੀਆਂ ਨੇ ਸਿੱਖ ਭਾਈਚਾਰੇ ਦੀ ਦਿੱਖ 'ਚੋਂ ਪ੍ਰਭਾਵਿਤ ਹੁੰਦਾ ਹੈ, ਉਥੇ ਨਾਲ ਹੀ ਐਨੇ ਵੱਡੇ ਪ੍ਰਬੰਧਾਂ ਤੋਂ ਵੀ ਦੰਗ ਹੋ ਕੇ ਜਾਂਦਾ ਹੈ।

ਯੂਬਾ ਸਿਟੀ ਜਿੱਥੇ ਹਰ ਵਰ੍ਹੇ ਅਜਿਹਾ ਹੀ ਧਾਰਮਿਕ ਇਕੱਠ ਹੁੰਦਾ ਹੈ ਤੇ ਹਰ ਵਰ੍ਹੇ ਵਧਦਾ ਹੈ ਤੇ ਨਵੀਂ ਸੰਗਤ ਜੁੜਦੀ ਹੈ, ਐਤਕਾਂ ਵੀ ਵੱਖ ਵੱਖ ਪੜਾਵਾਂ ਵਿਚੋਂ ਵੱਖਰੇ ਸਮਾਗਮਾਂ ਦਾ ਆਯੋਜਨ ਕੀਤਾ ਗਿਆ। ਇਹਨਾਂ ਧਾਰਮਿਕ ਸਮਾਗਮਾਂ ਤੇ ਖਾਸ ਕਰਕੇ ਸੰਗਤਾਂ ਦੀ ਸੇਵਾ ਦੀ ਤਿਆਰੀ ਕਰੀਬ ਇਕ ਮਹੀਨੇ ਤੋਂ ਹੋ ਰਹੀ ਸੀ। ਨਗਰ ਕੀਰਤਨ ਤੋਂ ਪਹਿਲਾਂ ਆਤਿਸ਼ਬਾਜ਼ੀ ਕੀਤੀ ਗਈ, ਜਿਸਦਾ ਸਿੱਖ ਭਾਈਚਾਰੇ ਦੇ ਨਾਲ ਨਾਲ ਅਮਰੀਕਨ ਭਾਈਚਾਰੇ ਨੇ ਵੀ ਆਨੰਦ ਮਾਣਿਆ। ਇਹਨਾਂ ਸਮਾਗਮਾਂ ਦੌਰਾਨ ਅੰਮ੍ਰਿਤ ਸੰਚਾਰ ਹੋਇਆ, ਜਿਸ ਦੌਰਾਨ ਕਕਾਰਾਂ ਦੀ ਸੇਵਾ ਗੁਰੂ ਘਰ ਵੱਲੋਂ ਕੀਤੀ ਗਈ। ਇਹਨਾਂ ਸਮ-'ਗਮਾਂ ਦੌਰਾਨ ਹੀ ਦਸਮੇਸ਼ ਹਾਲ ਵਿਚ ਇਕ ਬਹੁਮੁੱਲਾ ਸੈਮੀਨਾਰ ਕਰਵਾਇਆ ਗਿਆ, ਜਿਸ ਦੌਰਾਨ ਡਾ. ਹਰਸ਼ਿੰਦਰ ਕੌਰ ਤੇ ਇੰਗਲੈਂਡ ਤੋਂ ਇਕਤਿਹਾਰ ਕਰਾਮਤ ਚੀਮਾ ਵਿਸ਼ੇਸ਼ ਤੌਰ ਤੇ ਪਹੁੰਚੇ, ਜਿਹਨਾਂ ਨੇ ਸਿੱਖ ਧਰਮ ਦੇ ਬੁਨਿਆਦੀ ਅਸੂਲ ਤੇ ਅੱਜ ਦੇ ਸੰਦਰਭ ਵਿਚ ਉਹਨਾਂ ਦੀ ਮਹੱਤਤਾ ਬਾਰੇ ਸ਼ਾਮਲ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਡਾ. ਹਰਸ਼ਿੰਦਰ ਕੌਰ ਨੇ ਸਿੱਖੀ ਨੂੰ ਬਚਾਉਣ ਤੇ ਨਸ਼ੇ 'ਚ ਗੜੁੱਚ ਹੋਏ ਪੰਜਾਬ ਤੇ ਪੰਜਾਬੀ ਜਵਾਨੀ ਬਾਰੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਪ੍ਰਵਾਸੀ ਪੰਜਾਬੀਆਂ ਨੂੰ ਅੱਗੇ ਆਉਣ ਦਾ ਹੋਕਾ ਦਿੱਤਾ। ਧਾਰਮਿਕ ਸਮਾਗਮਾਂ ਦੌਰਾਨ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ, ਜਿਸ ਦੌਰਾਨ ਅਰਦਾਸ ਹੋਈ ਤੇ ਅਰਦਾਸ ਵਿਚ ਸੰਗਤਾਂ ਨੇ ਅੰਮ੍ਰਿਤ ਵੇਲੇ ਸ਼ਮੂਲੀਅਤ ਕੀਤੀ। ਰੈਣ ਸੁਬਾਈ ਕੀਰਤਨ ਵਿਚ ਪੰਥ ਦੇ ਮਕਬੂਲ ਰਾਗੀ ਜਥਿਆਂ ਨੇ ਆਪਣੀ ਆਪਣੀ ਹਾਜ਼ਰੀ ਭਰੀ ਤੇ ਜੋ ਗੁਰਬਾਣੀ ਨਾਲ ਸ਼ਾਮ 6 ਵਜੇ ਤੋਂ ਸਵੇਰੇ ਇਕ ਵਜੇ ਤੱਕ ਸੰਗਤਾਂ ਨੂੰ ਰੱਬੀ ਬਾਣੀ ਨਾਲ ਜੋੜਦੇ ਰਹੇ। ਇਹਨਾਂ ਮਹਾਨ ਜਥਿਆਂ ਵਿਚ ਭਾਈ ਮਨਜੀਤ ਸਿੰਘ ਪਠਾਨਕੋਟ ਵਾਲੇ, ਭਾਈ ਹਰਚਰਨ ਸਿੰਘ ਜੀ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਭਾਈ ਮਨੋਹਰ ਸਿੰਘ ਜੀ ਦਿੱਲੀ ਵਾਲੇ ਤੇ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾ ਸਿਟੀ, ਗਿਆਨੀ ਲਖਵਿੰਦਰ ਸਿੰਘ ਸੋਹਲ ਦਾ ਰਾਗੀ ਜਥਾ ਆਦਿ ਨੇ ਗੁਰੂ ਘਰ ਹਾਜ਼ਰੀ ਭਰੀ। ਇਹਨਾਂ ਸਮਾਗਮਾਂ ਤੋਂ



(ਬਾਕੀ ਸਫਾ 7 ਤੇ)


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

Jaspreet Singh
Attorney at Law USA
Over 18 years of Legal Experience
USA Immigration, Citizenship, Green Card, Deportation defense, Political Asylum
Specilized in: Detention cases, Artists, Singers P3 visas, Priest R1 visas
Investor EB 5 visas, L1 Business visas, Family law, Criminal Defense cases.
Offices
New York: 37-18 73 Street Suite # 401 Jackson Heights Ny 11372 Phone : 718-533-8444
Fremont: 44790 S Grimmer Blvd # 208 Fremont CA 94538 Phone : 510-657-6444
Fresno: 4491 W Shaw ave # 131 Fresno CA 93711 Phone : 559-271-5511
Sacramento: 2901 W Capitol ave West Sacramento CA 95691 Phone : 916-385-2288

Jaspreet Singh
Email : jaspreetsinghlawoffice@gmail.com

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

RE/MAX Gold
Each Office Independently Owned and Operated
Cell: 916-628-2210
Fax: 916-745-3424
Office: 916-285-1000
Dil Nijjar
REALTOR ®
CalBRE # 01418648
Email: Dil.Realtor@gmai.com
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

2081 Arena Blvd # 100 Sacramento, CA 95834

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ, ਗੁਰਤਾ ਗੱਦੀ ਦਿਵਸ ਅਤੇ ਮਹਾਨ ਨਗਰ ਕੀਰਤਨ ਮਨਾਏ ਜਾਣ ਦੀਆਂ ਕੈਲੇਫੋਰਨੀਆ ਡਾਇਮੰਡ ਕਲੱਬ ਵੱਲੋਂ ਲੱਖ-ਲੱਖ ਵਧਾਈਆਂ। ਤਸਵੀਰਾਂ ਵਿਚ ਕੈਲੇਫੋਰਨੀਆ ਡਾਇਮੰਡ ਕਲੱਬ ਦੇ ਮੈਂਬਰ ਯੂਬਾ ਸਿਟੀ ਦੇ 38ਵੇਂ ਨਗਰ ਕੀਰਤਨ ਸਮੇਂ ਸੇਵਾ ਕਰਦੇ ਹੋਏ


















Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram
ਕਸ਼ਮੀਰ ਸਿੰਘ ਦੁੱਗਾ ਅਤੇ ਗੁਰਜੀਤ ਕੌਰ ਦੁੱਗਾ


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵੱਲੋਂ 'ਗੁਰਪੁਰਬ' 'ਤੇ ਕੀਤੇ ਗਏ ਵਿਸ਼ੇਸ਼ ਪ੍ਰੋਗਰਾਮ



**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ ਕੀਤੇ ਗਏ। ਜਿਸ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਕੀਰਤਨ ਦਰਬਾਰ ਅਤੇ ਗੁਰਮਤਿ ਵਿਚਾਰਾ ਹੋਈਆਂ। ਇਸ ਵਿਸ਼ੇਸ਼ ਸਮਾਗਮ ਦੌਰਾਨ ਗੁਰੂਘਰ ਦੇ ਮੁੱਖ ਗ੍ਰੰਥੀ ਰਾਮ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾ ਦੀ ਸਾਂਝ ਪਾਈ। ਜਦਕਿ ਭਾਈ ਸੂਰਤ ਸਿੰਘ, ਭਾਈ ਹਰਬਿਲਾਸ ਸਿੰਘ, ਭਾਈ ਅਵਤਾਰ ਸਿੰਘ ਦੇ ਕੀਰਤਨੀ ਜੱਥਿਆ ਤੋਂ ਇਲਾਵਾ ਛੋਟੇ ਬੱਚਿਆਂ ਵਿੱਚ ਇੰਦਰਜੀਤ ਸਿੰਘ ਅਤੇ ਅਮਨਜੋਤ ਸਿੰਘ ਨੇ ਗੁਰੂ ਜੀ ਦੀ ਗੁਰਬਾਣੀ ਦੇ ਸ਼ਬਦ ਗਾਇਨ ਕਰ ਸੰਗਤਾਂ ਨੂੰ ਗੁਰ-ਇਤਿਹਾਸ ਨਾਲ ਜੋੜਿਆ। ਇਸੇ ਸਮੇਂ ਸਥਾਨਕ ਗਾਇਕ ਰਾਜ ਬਰਾੜ ਯਮਲਾ ਨੇ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਦੇ ਗੁਣ ਗਾਇਨ ਕੀਤੇ। ਸ. ਕਰਮ ਸਿੰਘ ਬੰਗੜ ਅਤੇ ਹੋਰ ਬੁਲਾਰਿਆਂ ਨੇ ਸੰਗਤਾਂ ਨਾਲ ਵਿਚਾਰ ਸਾਂਝ ਪਾਉਂਦੇ ਹੋਏ ਸੰਗਤਾਂ ਨੂੰ ਗੁਰੂ ਦੇ ਦੱਸੇ ਸੱਚ ਦੇ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ। ਇੰਨ੍ਹਾਂ ਸਮਾਗਮਾਂ ਦੌਰਾਨ ਗੁਰੂ ਦੇ ਲੰਗਰਾਂ ਦੀ ਸੇਵਾ ਸ.. ਸੁਖ-ਜਿੰਦਰ ਸਿੰਘ ਅਤੇ ਬੀਬੀ ਦਲਜੀਤ ਕੌਰ ਵੱਲੋਂ ਕਰਵਾਈ ਗਈ ਸੀ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਸ਼ਰਧਾਲੂ ਪਰਿਵਾਰ ਲਈ ਸ਼ਰਧਾਂਜਲੀ

ਗੁਰੂ ਪਿਆਰੀ ਸਾਧ ਸੰਗਤ ਜੀਓ, ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਬੜੇ ਸ਼ਰਧਾਲੂ ਪਰਿਵਾਰ ਸ. ਹਰਪਾਲ ਸਿੰਘ ਗਿੱਲ, ਹਰਿੰਦਰ ਸਿੰਘ ਗਿੱਲ, ਸ. ਗੁਰਪ੍ਰੀਤ ਸਿੰਘ ਗਿੱਲ ਜੀ ਦੇ ਮਾਤਾ ਜੀ ਬੀਬੀ ਸੁਰਜੀਤ ਕੌਰ ਗਿੱਲ ਜੀ ਜੋ ਕਿ ਪਿਛਲੇ ਦਿਨੀਂ ਸਵਰਗਵਾਸ ਹੋ ਗਏ ਸਨ, ਉਹਨਾਂ ਦੀ ਅੰਤਿਮ ਅਰਦਾਸ ਗੁਰੂ ਘਰ ਵਿਖੇ ਮਿਤੀ 5 ਨਵੰਬਰ ਦਿਨ ਸ਼ਨੀਵਾਰ ਨੂੰ ਕੀਤੀ ਗਈ, ਜਿਸ ਵਿਚ ਪਹਿਲਾਂ ਸ਼ਾ-ਸਤਰਾ ਸਟ੍ਰੀਟ ਫਿਊਨਰਲ ਹਾਲ ਵਿਖੇ ਮ੍ਰਿਤਕ ਸਰੀਰ ਦਾ ਅੰਤਿਮ ਸਸਕਾਰ ਕੀਤਾ ਗਿਆ।

ਉਪਰੰਤ ਗੁਰੂ ਘਰ ਵਿਖੇ ਇਲਾਹੀ ਬਾਣੀ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ ਅਤੇ ਹਰ ਪ੍ਰਕਾਰ ਦੇ ਸਮਾਜਿਕ ਸਹਿਯੋਗ ਦਾ ਵਚਨ ਦਿੱਤਾ ਗਿਆ।

-----

# ਉਘੇ ਸਮਾਜ ਸੇਵਕ ਤੇ ਯੂਥ ਆਗੂ ਸ: ਕੁਲਜੀਤ ਸਿੰਘ ਸਰਹਾਲ ਦਾ ਫਰਿਜ਼ਨੋ ਚ ਸਨਮਾਨ



**ਫਰਿਜ਼ਨੋ**- ਹਲਕਾ ਬੰਗਾ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਾਬਕਾ ਵਿਧਾਇਕ ਸਵ: ਬਲਵੰਤ ਸਿੰਘ ਸਰਹਾਲ ਦੇ ਹੋਣਹਾਰ ਸਪੁੱਤਰ ਸ: ਕੁਲਜੀਤ ਸਿੰਘ ਸਰਹਾਲ ਕੌਮੀ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਮੈਂਬਰ ਬਲਾਕ ਸੰਮਤੀ ਬੰਗਾ ਜੋ ਅੱਜਕਲ ਅਮਰੀਕਾ ਦੌਰੇ ਤੇ ਹਨ, ਬੀਤੇ ਦਿਨ ਉਨ੍ਹਾਂ ਦਾ ਫਰਿਜ਼ਨੋ ਪੁੱਜਣ 'ਤੇ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਕੋਸਟ ਦੇ ਅਹੁਦੇਦਾਰਾਂ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਚੀਫ਼ ਕੋਆਰਡੀਨੇਟਰ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਅਮਰੀਕਾ ਸ: ਅਰਵਿੰਦਰ ਸਿੰਘ ਲਾਖਨ, ਪ੍ਰਧਾਨ ਯੂਥ ਵਿੰਗ ਵੈਸਟ ਕੋਸਟ ਸ: ਰਵਿੰਦਰ ਸਿੰਘ ਬੋਇਲ, ਸਕੱਤਰ ਜਨਰਲ ਸ: ਪਰਮਿੰਦਰਪਾਲ ਸਿੰਘ ਰਾਠੌਰ ਆਦਿ ਨੇ ਜਿੱਥੇ ਸ: ਕੁਲਜੀਤ ਸਿੰਘ ਸਰਹਾਲ ਨੂੰ ਜੀ ਆਇਆ ਨੂੰ ਆਖਿਆ ਉਥੇ ਉਨ੍ਹਾਂ ਨੂੰ ਸ੍ਰੀ ਸਾਹਿਬ ਭੇਟ ਕਰਕੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਸ: ਰਵਿੰਦਰ ਸਿੰਘ ਬੋਇਲ ਮਕਸੂਦਪੁਰ ਨੇ ਕਿਹਾ ਕਿ ਸ: ਕੁਲਜੀਤ ਸਿੰਘ ਸਰਹਾਲ ਆਪਣੇ ਪਿਤਾ ਜੀ ਦੇ ਦੱਸੇ ਨਕਸ਼ੇ ਕਦਮਾਂ 'ਤੇ ਚੱਲ ਰਹੇ ਹਨ, ਕਿਉਂਕਿ ਇਨ੍ਹਾਂ ਦੇ ਪਿਤਾ ਮਰਹੂਮ ਸ: ਬਲਵੰਤ ਸਿੰਘ ਸਰਹਾਲ ਨੇ ਜਦੋਂ ਬੰਗਾ ਇਲਾਕੇ 'ਚ ਭਾਰੀ ਬਹੁਮਤ ਨਾਲ ਚੋਣ ਜਿੱਤੀ ਸੀ ਤਾਂ ਉਸ ਸਮੇਂ ਵਿਧਾਇਕ ਬਣਨ ਤੋਂ ਬਾਅਦ ਬੰਗਾ ਇਲਾਕੇ ਦਾ ਅਥਾਹ ਵਿਕਾਸ ਕਰਵਾਇਆ ਅਤੇ ਬੰਗਾ ਹਲਕੇ ਨੂੰ ਵਿਕਾਸ ਦੀਆਂ ਲੀਹਾਂ 'ਤੇ ਲਿਆਂਦਾ ਸੀ। ਇਸ ਮੌਕੇ ਉਪਰੋਕਤ ਆਗੂਆਂ ਨੇ ਪੰਜਾਬ ਦੀ ਸਿਆਸਤ ਤੇ ਹੋਰ ਮੁੱਦਿਆਂ 'ਤੇ ਸ: ਸਰਹਾਲ ਨਾਲ ਵਿਚਾਰ ਵਟਾਂਦਰੇ ਕੀਤੇ। ਇਸ ਮੌਕੇ ਸ: ਕੁਲਦੀਪ ਸਿੰਘ ਨੰਬਰਦਾਰ ਸੀਨੀਅਰ ਵਾਈਸ ਪ੍ਰਧਾਨ, ਸਤਵੀਰ ਸਿੰਘ ਹੀਰ ਮੀਡੀਆ ਇੰਚਾਰਜ, ਸ਼ੇਰ ਸਿੰਘ ਚੌਹਾਨ ਜਨਰਲ ਸਕੱਤਰ, ਭੁਪਿੰਦਰ ਸਿੰਘ ਜਾਡਲਾ ਸੀਨੀਅਰ ਅਡਵਾਈਜ਼ਰ, ਹਰਪ੍ਰੀਤ ਸਿੰਘ ਸਿੱਧੂ ਪ੍ਰਧਾਨ ਯੂਥ ਵਿੰਗ ਕੈਲੇਫੋਰਨੀਆਂ, ਪਾਲੀ ਕਬੱਡੀ ਕੋਚ, ਤਾਰਾ ਸਾਗਰ, ਰਵਿੰਦਰ ਸਿੰਘ, ਜੇ.ਐਸ. ਢਿੱਲੋਂ, ਅਜੇ ਕੁਮਾਰ ਤੋਂ ਇਲਾਵਾ ਹੋਰ ਆਗੂ ਤੇ ਅਹੁਦੇਦਾਰ ਹਾਜ਼ਰ ਸਨ।

# ਇੰਟਰਨੈਸ਼ਨਲ ਏਅਰ ਪੋਰਟ, ਆਦਮਪੁਰ ਦਾ ਨਾਮ ਗੁਰੂ ਰਵਿਦਾਸ ਦੇ ਨਾਮ 'ਤੇ ਰੱਖਿਆ ਜਾਵੇ-ਵਿਰਦੀ

ਸਮਤਾ ਸਮਾਜ ਅੰਦੋਲਨ ਦੇ ਸੰਯੋਜਕ, ਉਘੇ ਲੇਖਕ ਤੇ ਚਿੰਤਕ ਡਾ. ਐਸ ਐਲ ਵਿਰਦੀ ਐਡਵੋਕੇਟ ਨੇ ਪ੍ਰਧਾਨ ਮੰਤਰੀ ਸ੍ਰੀ. ਨਰਿੰਦਰ ਮੋਦੀ ਨੂੰ ਪੱਤਰ ਲਿੱਖ ਕੇ ਮੰਗ ਕੀਤੀ ਹੈ ਕਿ ਪੰਜਾਬ ਵਿਚ ਬਣ ਰਹੇ ਇੰਟਰਨੈਸ਼ਨਲ ਏਅਰ ਪੋਰਟ, ਆਦਮਪੁਰ (ਜਲੰਧਰ) ਦਾ ਨਾਮ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਮ 'ਤੇ ਰੱਖਿਆ ਜਾਵੇ। ਸ਼੍ਰੀ ਵਿਰਦੀ ਨੇ ਆਪਣੇ ਇਕ ਬਿਆਨ ਵਿਚ ਕਿਹਾ ਹੈ ਕਿ ਪੰਜਾਬ ਦੇ ਦਿਲ ਦੁਆਬੇ ਵਿੱਚ 60 ਪ੍ਰਤੀਸ਼ਤ ਅਬਾਦੀ ਦਲਿਤ ਸਮਾਜ ਦੀ ਹੈ ਜੋ ਸ੍ਰੀ ਗੁਰੂ ਰਵਿਦਾਸ ਜੀ ਦੇ ਪੈਰੋਕਾਰ ਹਨ। ਦੁਆਬੇ ਵਿੱਚ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੇ 180 ਤੋਂ ਵੱਧ ਡੇਰੇ ਹਨ। ਜਿਹਨਾਂ ਦੇ ਸ਼ਰਧਾਲੂਆਂ ਦੀ ਗਿਣਤੀ ਲੱਖਾਂ ਵਿੱਚ ਹੈ। ਦੁਆਬੇ ਵਿੱਚੋਂ ਅਨੁਸੂਚਿਤ ਜਾਤਾਂ ਦੇ 100 ਤੋਂ ਵੱਧ ਆਈ. ਏ. ਐਸ. ਤੇ ਆਈ. ਪੀ. ਐਸ. ਬਣੇ ਹਨ ਜੋ ਕਿ ਸਰਕਾਰਾਂ ਦੇ ਮਹੱਤਵਪੂਰਣ ਅਹੁਦਿਆਂ ਤੇ ਸੇਵਾ ਨਿਭਾ ਰਹੇ ਹਨ। ਡਾ. ਵਿਰਦੀ ਨੇ ਕਿਹਾ ਕਿ ਦੁਆਬੇ ਦਾ ਅਜਿਹਾ ਕੋਈ ਵੀ ਪਿੰਡ ਨਹੀਂ, ਜਿੱਥੋਂ ਦਲਿਤ ਬਾਹਰ ਨਾ ਗਏ ਹੋਣ। ਇੰਨਾ ਹੀ ਨਹੀਂ ਐਨ. ਆਰ. ਆਈ. ਨੇ 25 ਤੋਂ ਵੱਧ ਦੇਸ਼ਾਂ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਮ ਉਤੇ ਧਰਮ ਸਥਾਨ ਸਜਾਏ ਹੋਏ ਹਨ।



ਇੱਥੇ ਇਹ ਵੀ ਦੱਸਣ ਯੋਗ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਆਪਣੀ ਯਾਤਰਾ ਦੌਰਾਨ ਚੱਕ ਹਕੀਮ ਫਗਵਾੜਾ ਤੇ ਖੁਰਾਲਗੜ੍ਹ ਵਿਖੇ ਠਹਿਰੇ ਸਨ। ਗੁਰੂ ਰਵਿਦਾਸ ਜੀ ਨੇ ਅਜ਼ਾਦੀ, ਸਮਾਨਤਾ, ਭਾਈਚਾਰਾ ਅਤੇ ਨਿਆਂ ਲਈ ਜੀਵਨ ਭਰ ਸੰਘਰਸ਼ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਹਨਾਂ ਦੀ ਬਾਣੀ ਦਰਜ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਮਾਜ ਪ੍ਰਤੀ ਕੀਤੀਆਂ ਸਭਾਵਾਂ ਅਤੇ ਦੁਆਬੇ ਅਤੇ ਦੇਸ਼ ਪ੍ਰਦੇਸ਼ ਵਿੱਚ ਬੈਠੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਮੱਦੇ ਨਜ਼ਰ ਰੱਖਦਿਆਂ ਇੰਟਰਨੈਸ਼ਨਲ ਏਅਰ ਪੋਰਟ, ਆਦਮਪੁਰ (ਜਲੰਧਰ) ਦਾ ਨਾਮ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਮ 'ਤੇ ਰੱਖਿਆ ਜਾਣਾ ਚਾਹੀਦਾ ਹੈ।

ਗੁਰਗੱਦੀ ਦਿਵਸ ਨੂੰ ਸਮਰਪਿਤ ਹੋਰ ਤਸਵੀਰਾਂ ਅਤੇ ਖਬਰਾਂ ਅਗਲੇ ਅੰਕ ਵਿਚ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।

**– ਸੰਪਾਦਕ**

# ਡਾ. ਇਕਵਿੰਦਰ ਸਿੰਘ ਗਿੱਲ ਦੇ ਜਵਾਨ ਪੁੱਤਰ ਦੀ ਮੌਤ, ਗਿੱਲ ਪਰਿਵਾਰ ਨੂੰ ਅਸਹਿ ਸਦਮਾ

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)**- ਪ੍ਰਵਾਸੀ ਪੰਜਾਬੀਆਂ ਦੀਆਂ ਸਮਾਜਿਕ, ਧਾਰਮਿਕ ਅਤੇ ਸਿਆਸੀ ਸਰਗਰਮੀਆਂ ਵਿਚ ਮੋਹਰੀ ਰੋਲ ਅਦਾ ਕਰਨ ਵਾਲੇ ਅਤੇ 'ਆਪ' ਵਲੰਟੀਅਰਜ਼ ਯੂ. ਐਸ. ਏ. ਦੇ ਸੀਨੀਅਰ ਮੈਂਬਰ ਡਾ. ਇਕਵਿੰਦਰ ਸਿੰਘ ਗਿੱਲ ਨੂੰ ਨੌਜਵਾਨ ਪੁੱਤਰ ਦੀ ਮੌਤ ਕਾਰਨ ਅਸਹਿ ਸਦਮਾ ਪਹੁੰਚਿਆ ਹੈ। ਡਾ. ਗਿੱਲ ਅਤੇ ਬੀਬੀ ਜਗਮੋਹਨ ਕੌਰ ਗਿੱਲ ਦੇ ਪੁੱਤਰ ਕਾਕਾ ਸੁਮੀਤ ਗਿੱਲ ਦੀ ਬੀਤੇ 31 ਅਕਤੂਬਰ ਨੂੰ ਮੌਤ ਹੋ ਗਈ। ਗਿੱਲ ਪਰਿਵਾਰ ਦੇ ਨਿਕਟਵਰਤੀ ਸ੍ਰੀ ਜਸਵਿੰਦਰ ਸਿੰਘ ਗਿੱਲ (ਜੱਸੀ ਗਿੱਲ) ਵੱਲੋਂ ਭੇਜੀ ਗਈ ਦੁਖਦਾਈ ਸੂਚਨਾ ਅਨੁਸਾਰ ਅਣਵਿਆਹਿਆ



ਸੁਮੀਤ,ਪਰਿਵਾਰ, ਸਕੇ-ਸਬੰਧੀਆਂ ਅਤੇ ਮਿੱਤਰਾਂ ਦੋਸਤਾਂ ਨੂੰ ਰੋਂਦਾ ਕੁਰਲਾਉਂਦਾ ਛੱਡ ਗਿਆ ਹੈ, ਜਿਸਦਾ ਅੰਤਿਮ ਸਸਕਾਰ 11 ਨਵੰਬਰ ਦਿਨ ਸ਼ਨੀਵਾਰ ਨੂੰ 11 ਵਜੇ ਤੋਂ 1 ਵਜੇ ਦੌਰਾਨ ਸਪਾਨਗਲੀਰ ਮੌਰਚਰੀ 174- ਐਨ ਸਨੀਵੇਲ ਐਵੇਨਿਊ ਕੈਲੇਫੋਰਨੀਆ 94086 ਵਿਖੇ ਕੀਤਾ ਜਾਵੇਗਾ। ਵਿਛੜੀ ਆਤਮਾ ਲਈ ਅੰਤਿਮ ਅਰਦਾਸ ਵੀ ਉਸੇ ਦਿਨ ਬਾਅਦ ਦੁਪਹਿਰ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਕੀਤੀ ਜਾਵੇਗੀ। ਦੁਖੀ ਪਰਿਵਾਰ ਦਾ ਦੁੱਖ ਵੰਡਾਉਣ ਲਈ 406-667-6878 ਅਤੇ 209-598-6980 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 'ਆਪਣਿਆਂ' ਦੀਆਂ ਗੋਲੀਆਂ ਦਾ ਵਧੇਰੇ ਸ਼ਿਕਾਰ ਹੋ ਰਹੇ ਹਨ ਅਮਰੀਕੀ

(ਸਫਾ 1 ਦੀ ਬਾਕੀ)

ਹਮਲੇ 'ਚ 103 ਲੋਕ ਮਾਰੇ ਗਏ। 2014 ਤੋਂ ਬਾਅਦ ਗੋਲੀਬਾਰੀ 'ਚ ਜਿੰਨੇ ਲੋਕ ਅਮ-ਰੀਕਾ 'ਚ ਮਾਰੇ ਗਏ ਹਨ, ਇਹ ਤਦਾਦ ਉਨ੍ਹਾਂ ਦੀ 1 ਫੀਸਦੀ ਤੋਂ ਵੀ ਘੱਟ ਹੈ।

ਲਾਸ ਵੇਗਾਸ ਦੇ ਸ਼ੂਟਰ ਸਟੀਫਨ ਪੈਡਾਕ ਕੋਲੋਂ 47 ਬੰਦੂਕਾਂ ਬਰਾਮਦ ਹੋਈਆਂ ਹਨ ਜਿਨ੍ਹਾਂ 'ਚ ਰਾਇਫਲ ਤੇ ਸੈਮੀ-ਆਟੋਮੈਟਿਕ ਗਨ ਵੀ ਸ਼ਾਮਲ ਹੈ। ਉਹ ਅਮਰੀਕਾ ਦੇ ਨੇਵਾਦਾ ਦਾ ਰਹਿਣ ਵਾਲਾ ਸੀ। ਜਿਥੇ ਬੰਦੂਕ ਲੈਣ ਲਈ ਮਨਜ਼ੂਰੀ ਦੀ ਜ਼ਰੂਰਤ ਨਹੀਂ ਹੁੰਦੀ ਹੈ।

33 ਬੰਦੂਕਾਂ ਉਸ ਨੇ ਸਿਰਫ ਇਕ ਮਹੀਨੇ 'ਚ ਖਰੀਦੀਆਂ ਸਨ। ਗਨ ਸਟੋਰਸ ਨੂੰ ਵੀ ਜ਼ਿਆਦਾ ਮਾਤਰਾ 'ਚ ਬੰਦੂਕ ਖਰੀਦਣ ਲਈ ਜ਼ਿਆਦਾ ਸਖਤ ਨਿਯਮਾਂ ਦੀ ਪਾਲਣਾ ਨਹੀਂ ਕਰਨੀ ਹੁੰਦੀ। ਟੈਕਸਾਸ 'ਚ ਲੋਕਾਂ ਨੂੰ ਏ.ਆਰ-15 ਵਰਗੀ ਰਾਇਫਲ ਲੈ ਕੇ ਘੁੰਮਣ ਦੀ ਮਨਜ਼ੂਰੀ ਹੈ। ਫਾਇਰਿੰਗ 'ਚ ਸ਼ਾਮਲ ਕਈ ਲੋਕਾਂ ਕੋਲੋਂ ਇਹੀ ਰਾਇਫਲ ਬਰਾਮਦ ਹੋਈ ਹੈ।

ਅਮਰੀਕੀ ਸੰਵਿਧਾਨ 'ਚ ਹੋਏ ਦੂਜੇ ਸੋਧ ਦੇ ਤਹਿਤ ਨਾਗਰਿਕਾਂ ਨੂੰ ਹਥਿਆਰ ਰੱਖਣ ਦੇ ਅਧਿਕਾਰ ਦਾ ਦਿੱਤਾ ਗਿਆ ਹੈ। 1776 'ਚ ਅਮਰੀਕਾ ਦੇ ਆਜ਼ਾਦ ਹੋਣ ਦੇ ਸਿਰਫ 15 ਸਾਲਾਂ ਬਾਅਦ ਇਹ ਸੋਧ ਕੀਤਾ ਗਿਆ ਸੀ। ਦੇਸ਼ 'ਚ ਪ੍ਰਭਾਵੀ ਰਾਸ਼ਟਰੀ ਰਾਇਫਲ ਐਸੋਸ਼ਿਏਸ਼ਨ ਇਸ ਆਧਾਰ 'ਤੇ ਰੋਕ ਦਾ ਵਿਰੋਧ ਕਰਦਾ। ਸੀ.ਐਨ.ਐਨ. ਦੀ ਖਬਰ ਮੁਤਾਬਕ ਇੱਥੇ ਦੇ 55 ਫੀਸਦੀ ਲੋਕ ਚਾਹੁੰਦੇ ਹਨ ਕਿ ਅਮਰੀਕਾ ਦੇ ਗਨ ਲਾਅ (ਕਾਨੂੰਨ) ਨੂੰ ਹੋਰ ਸਖਤ ਕੀਤਾ ਜਾਣਾ ਚਾਹੀਦਾ ਹੈ, ਜਦੋਂ ਕਿ 3 'ਚੋਂ 1 ਸ਼ਖਸ ਚਾਹੁੰਦਾ ਹੈ ਕਿ ਇਹ ਕਾਨੂੰਨ ਇੰਝ ਹੀ ਰਹੇ। ਇੱਥੇ ਗਨ ਲਾਅ ਕਾਨੂੰਨ ਨੂੰ ਸਖਤ ਕੀਤੇ ਜਾਣ ਦੀ ਮੰਗ ਕਾਫ਼ੀ ਪਹਿਲਾਂ ਤੋਂ ਹੋ ਰਹੀ ਹੈ। 1990 ਦੇ ਦਹਾਕੇ 'ਚ 10 'ਚੋਂ 7 ਲੋਕ ਚਾਹੁੰਦੇ ਸਨ ਕਿ ਇਸ ਨਿਯਮ ਨੂੰ ਸਖਤ ਕੀਤਾ ਜਾਵੇ।

# ਹਰਜਿੰਦਰ ਸਿੰਘ ਧਾਮੀ ਨੂੰ ਸਦਮਾ, ਸੱਸ ਗੁਰਮੀਤ ਕੌਰ ਦਿਓਲ ਦਾ ਸਵਰਗਵਾਸ

**ਫੇਅਰਫੀਲਡ**- ਬੜੇ ਦੁੱਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਬੀਬੀ ਗੁਰਮੀਤ ਕੌਰ ਦਿਓਲ ਸਾਨੂੰ 3 ਨਵੰਬਰ ਨੂੰ ਹਮੇਸ਼ਾ ਲਈ ਸਦੀਵੀ ਵਿਛੋੜਾ ਦੇ ਗਏ ਹਨ। ਮਾਤਾ ਜੀ ਹਰਜਿੰਦਰ ਸਿੰਘ ਧਾਮੀ ਦੀ ਸੱਸ ਸਨ। ਉਹ ਆਪਣੇ ਪਿੱਛੇ 6 ਬੱਚੇ, 11 ਪੋਤੇ ਪੋਤੀਆਂ ਅਤੇ 8 ਦੋਹਤੇ-ਦੋਹਤੀਆਂ ਛੱਡ ਗਏ ਹਨ। ਮਾਤਾ ਜੀ ਦਾ ਸਸਕਾਰ 9 ਨਵੰਬਰ ਦਿਨ ਵੀਰਵਾਰ ਸਵੇਰੇ 10 ਵਜੇ ਬ੍ਰਾਇਨ ਬ੍ਰੇਕਰ ਫਿਊਨਰਲ ਹੋਮ 1850 ਵੈਸਟ, ਟੈਕਸਸ ਸਟ੍ਰੀਟ, ਫੇਅਰਫੀਲਡ (ਕੈਲੇਫੋਰਨੀਆ) 94533 ਵਿਖੇ ਹੋਵੇਗਾ। ਉਪਰੰਤ ਗੁਰੂ ਨਾਨਕ



ਸਿੱਖ ਟੈਂਪਲ, ਫੇਅਰਫੀਲਡ ਵਿਖੇ ਭੋਗ ਪਾਏ ਜਾਣਗੇ। ਹੋਰ ਜਾਣਕਾਰੀ ਲਈ ਸੰਪਰਕ ਕਰੋ: ਹਰਜਿੰਦਰ ਸਿੰਘ ਧਾਮੀ 707-315-2468, ਸੰਤੋਸ਼ ਕੌਰ ਧਾਮੀ 707-315-2469 ਤੇ ਸੰਪਰਕ ਕਰੋ ਜੀ।

# ਨਿਊਯਾਰਕ 'ਚ ਕਰਵਾਏ ਗਏ ਸਭਿਆਚਾਰ ਸਮਾਗਮ ਦੌਰਾਨ ਸਿਆਸੀ, ਵਪਾਰਕ ਅਤੇ ਸਮਾਜ ਸੇਵੀ ਖੇਤਰ ਦੀਆਂ ਵੱਡੀਆਂ ਸ਼ਖਸੀਅਤਾਂ ਵੱਲੋਂ ਸ਼ਿਰਕਤ

**ਨਿਊਯਾਰਕ (ਹੁਸਨ ਲੜੋਆ ਬੰਗਾ) :** ਭਾਈਚਾਰੇ 'ਖਾਸ ਪਹਿਚਾਣ ਰੱਖਣ ਵਾਲੇ ਨਿਊਯਾਰਕ ਦੇ ਆਗੂ ਹਰਪ੍ਰੀਤ ਸਿੰਘ ਟੋਨੀ ਵੱਲੋਂ ਬੀਤੇ ਦਿਨੀਂ ਨਿਊਯਾਰਕ 'ਚ ਸਭਿਆਚਾਰ ਫੰਕਸ਼ਨ ਕਰਵਾਇਆ ਗਿਆ ਜੋ ਇੰਟਰਨੈਸ਼ਨਲ ਪੱਧਰ ਦਾ ਹੋ ਨਿਬੜਿਆ। ਫਲਸ਼ਿੰਗ ਦੇ ਹਿੰਦੂ ਐਡੀਟੋਰੀਅਮ ਵਿਚ ਕਰਵਾਏ ਇਸ ਫੰਕਸ਼ਨ ਵਿਚ ਡਿਪਟੀ ਕੰਪਟਰੋਲਰ ਨਿਊਯਾਰਕ ਮੁੱਖ ਮੇਹਮਾਨ ਵੱਜੋਂ ਸ਼ਾਮਲ ਹੋਏ। ਇਸ ਫੰਕਸ਼ਨ ਵਿਚ ਨਿਊਯਾਰਕ ਅਤੇ ਨਿਊਜਰਸੀ ਦੀਆਂ ਉਂਚ ਪੱਧਰੀ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ, ਜਿਨਾਂ ਵਿਚ ਪ੍ਰਮੁੱਖ ਤੌਰ 'ਤੇ ਸੈਨੇਟਰ ਟੋਬੀ ਐਨ ਸਟਾਵਿਸਕੀ, ਸੈਨੇਟਰ ਟੋਨੀ ਅਵੇਲਾ ਜਿਨਾਂ ਵੱਲੋਂ ਹਰਪ੍ਰੀਤ ਸਿੰਘ ਟੋਨੀ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ, ਤੋਂ ਇਲਾਵਾ ਨਿਊਯਾਰਕ ਦੇ ਗਵਰਨਰ ਦੇ ਦਫ਼ਤਰ ਤੋਂ ਵੀ ਸਨਮਾਨ ਪੱਤਰ ਆਇਆ। ਇਸ ਦੇ ਨਾਲ ਹੀ ਦਲੀਪ ਚੌਹਾਨ ਡਿਪਟੀ ਕੰਪਟਰੋਲਰ, ਲੈਫਟੀਨੈਂਟ ਗਵਰਨਰ ਦੇ ਦਫ਼ਤਰ ਤੋਂ ਵੀ ਸਨਮਾਨ ਪੱਤਰ ਹਰਪ੍ਰੀਤ ਟੋਨੀ ਨੂੰ ਭੇਜਿਆ ਗਿਆ। ਇਸ ਮੌਕੇ ਆਈ.ਐਨ.ਓ.ਸੀ. ਦੇ ਪ੍ਰਧਾਨ ਸ਼ੁੱਧ ਪ੍ਰਕਾਸ਼ ਪਰਿਵਾਰ ਸਮੇਤ



ਪੁੱਜੇ ਹੋਏ ਸਨ। ਲਾਂਗ ਆਈਲੈਂਟ ਐਸੋਸੀਏਸ਼ਨ ਦੀ ਪ੍ਰਧਾਨ ਬੀਨਾ ਸਭਾਪਤੀ ਅਤੇ ਸਾਬਕਾ ਪ੍ਰਧਾਨ ਬੀਨਾ ਕੋਠਾਰੀ, ਆਈ.ਐਨ.ਓ.ਸੀ. ਦੇ ਜਨਰਲ ਸਕੱਤਰ ਜੀ.ਐਸ. ਤਲਵੰਡੀ, ਨਿਊਜਰਸੀ ਦੇ ਸਜਦਾ ਗਰੁੱਪ ਦੀ ਮਾਲਕਨ ਸੁਮਨ ਇਸ ਤੋਂ ਇਲਾਵਾ ਵੱਖ ਵੱਖ ਸਟੇਟਾਂ ਤੋਂ ਐਸੋਸੀਏਸ਼ਨਾਂ ਦੇ ਪ੍ਰਧਾਨ ਪੁੱਜੇ ਹੋਏ ਸਨ। ਇਸ ਫੰਕਸ਼ਨ ਵਿਚ ਵਿਰਾਸਤੀ ਅਤੇ ਮੌਜੂਦਾ ਸੱਭਿਆਚਾਰ ਦਾ ਸੰਗਮ ਵੇਖਣ ਨੂੰ ਮਿਲਿਆ ਫੰਕਸ਼ਨ ਵਿਚ ਬਾਲੀਵੁੱਡ ਤੋਂ ਤਨੁਸ਼੍ਰੀ ਦੱਤਾ, ਸ਼੍ਰੀ ਈਡੀਅਟ ਓਮ ਵੈਦਯ, ਸਾਰਾਗਾਮਾਪਾ ਦੇ ਵਿਨਰ ਵਿਸ਼ਵਜੀਤ, ਪੰਜਾਬੀ ਦੇ ਉਘੇ ਪ੍ਰਮੋਟਰ ਬਲਵਿੰਦਰ ਬਾਜਵਾ ਅਤੇ ਸੁਮਿਤ ਵਰਮਾ ਤੋਂ ਇਲਾਵਾ ਹੋਰ ਸ਼ਖਸੀਅਤਾਂ ਪੁੱਜੀਆਂ ਹੋਈਆਂ ਸਨ।

# ਯੂਬਾ ਸਿਟੀ ਦੇ ਨਗਰ ਕੀਰਤਨ 'ਚ ਯੂਥ ਅਕਾਲੀ ਦਲ ਵੈਸਟ ਕੋਸਟ ਨੇ ਲਗਵਾਈ ਭਰਵੀਂ ਹਾਜ਼ਰੀ

**ਯੂਬਾ ਸਿਟੀ (ਬਿਊਰੋ)–** ਗੁਰਦੁਆਰਾ ਸਾਹਿਬ ਟਾਇਰਾ ਬਿਓਨਾ ਯੂਬਾਸਿਟੀ ਵਿਖੇ ਸਜਾਏ 38ਵੇਂ ਮਹਾਨ ਨਗਰ ਕੀਰਤਨ 'ਤੇ ਸ਼੍ਰੋਮਣੀ ਅਕਾਲੀ ਦਲ ਅਤੇ ਯੂਥ ਵਿੰਗ ਲਾਖਨ, ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਕੋਸਟ ਦੇ ਪ੍ਰਧਾਨ ਸ: ਰਵਿੰਦਰ ਸਿੰਘ ਬੋਇਲ ਮਕਸੂਦਪੁਰ ਅਤੇ ਸਕੱਤਰ ਜਨਰਲ ਵੈਸਟ ਕੋਸਟ ਸ: ਪਰਮਿੰਦਰਪਾਲ ਸਿੰਘ ਰਾਠੌਰ ਦੀ ਅਗਵਾਈ 'ਚ ਯੂਥ ਆਗੂ ਜਿੱਥੇ ਗੁਰਦੁਆਰਾ ਸਾਹਿਬ 'ਚ ਨਤਮਸਤਕ ਹੋਏ, ਉਥੇ ਵੱਖ ਵੱਖ ਪਕਵਾਨਾਂ ਦੇ ਲੰਗਰ ਸੰਗਤਾਂ ਨੂੰ ਅਥਾਹ ਸੇਵਾ ਕਰਦਿਆਂ ਛਕਾਏ। ਇਸ ਮੌਕੇ ਦਲਜੀਤ ਸਿੰਘ ਢੰਡਾ, ਸਤਵੀਰ ਸਿੰਘ, ਸ਼ੇਰ ਸਿੰਘ ਚੌਹਾਨ, ਭੁਪਿੰਦਰ ਸਿੰਘ ਜਾਡਲਾ, ਸੁਖਵਿੰਦਰ ਸਿੰਘ ਹੁੰਦਲ, ਗੁਰਪਿੰਦਰ ਤੁੰਗ, ਸੋਨੂੰ ਹੁੰਦਲ, ਜਤਿੰਦਰ ਜੌਹਲ, ਜਾਫ਼ਰ ਮਾਲਵਾ, ਜੱਸਾ, ਚੀਨਾ ਧਾਰੀਵਾਲ, ਗਿੰਦਾ ਬੋਇਲ ਤੋਂ ਇਲਾਵਾ ਸੀਨੀਅਰ ਅਕਾਲੀ ਦਲ







ਅਕਾਲੀ ਦਲ ਵੈਸਟ ਕੋਸਟ ਨੇ ਕਾਫ਼ਲੇ ਦੇ ਰੂਪ ਵਿੱਚ ਭਰਵੀਂ ਹਾਜ਼ਰੀ ਲਗਵਾਈ। ਇਸ ਮੌਕੇ ਚੀਫ਼ ਕੋਆਰਡੀਨੇਟਰ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਸ: ਅਰਵਿੰਦਰ ਸਿੰਘ ਵਿੱਚ ਸ: ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵੈਸਟ ਕੋਸਟ, ਨਰਿੰਦਰਪਾਲ ਸਿੰਘ ਹੁੰਦਲ ਨੇ ਵੀ ਹਾਜ਼ਰੀ ਭਰੀ।

# ਵਿਪਸਾਅ ਬੇਅ ਏਰੀਆ ਵਲੋਂ ਸੁਰਿੰਦਰ ਸਿੰਘ ਸੀਰਤ ਨੂੰ 70ਵੇਂ ਜਨਮ ਦਿਨ 'ਤੇ ਲਾਈਫ਼ ਟਾਈਮ ਐਚੀਵਮੈਂਟ ਸਨਮਾਨ ਚਿੰਨ ਭੇਂਟ

ਸੁਰਿੰਦਰ ਸਿੰਘ ਸੀਰਤ ਦੇ 70ਵੇਂ ਜਨਮ ਦਿਨ ਤੇ ਉਨ੍ਹਾਂ ਦੇ ਘਰ ਪਰਿਵਾਰ ਵਲੋਂ ਸਰਪਰਾਈਜ਼ ਜਨਮ ਦਿਨ ਪਾਰਟੀ ਰੱਖੀ ਗਈ। ਜਿਸ ਵਿਚ ਵਿਪਸਾਅ ਬੇਅ ਏਰੀਆ ਦੇ ਮੈਂਬਰਾਂ ਨੂੰ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਗਿਆ।

ਕੁਲਵਿੰਦਰ, ਹਰਭਜਨ ਢਿੱਲੋਂ, ਜਗਜੀਤ, ਤਾਰਾ ਸਾਗਰ, ਰੇਸ਼ਮ, ਨੰਨੂ ਨੂਰ ਅਤੇ ਨੀਲਮ ਸੈਣੀ ਨੇ ਇਸ ਖ਼ੁਸ਼ੀ ਦੇ ਮੌਕੇ ਸ਼ਿਰਕਤ ਕੀਤੀ। ਕੇਕ ਕੱਟਣ ਤੋਂ ਪਹਿਲਾਂ ਮਹੌਲ ਨੂੰ ਸਾਹਿਤਕ ਰੰਗ ਵਿਚ ਰੰਗਦੇ ਹੋਏ ਨੀਲਮ ਸੈਣੀ ਨੇ ਕਿਹਾ ਕਿ ਹਰ ਸਾਹਿਤਕਾਰ ਦੇ ਦੋ ਪਰਿਵਾਰ ਹੁੰਦੇ ਹਨ। ਪਹਿਲਾ ਘ...

ਰ ਪਰਿਵਾਰ ਅਤੇ ਦੂਜਾ ਸਾਹਿਤਕ ਪਰਿਵਾਰ। ਦੋਵਾਂ ਪਰਿਵਾਰਾਂ ਦਾ ਇਸ ਮੌਕੇ ਹਾਜ਼ਰ ਹੋਣਾ ਪ੍ਰੇਮ ਅਤੇ ਭਾਈਚਾਰੇ ਦਾ ਪ੍ਰਤੀਕ ਹੈ। ਜੰਮੂ ਕਸ਼ਮੀਰ ਦੀ ਧਰਤੀ ਤੋਂ ਆ ਕੇ ਅਮਰੀਕਾ ਵਿਚ ਪੰਜਾਬੀ ਸਾਹਿਤ ਲਈ ਨਿੱਠ ਕੇ ਕੰਮ ਕਰਨ ਵਾਲੀ ਇਸ ਸ਼ਖ਼ਸੀਅਤ ਨੂੰ 70ਵੇਂ ਜਨਮ ਦਿਨ ਦੀ ਸਾਡੇ ਸਭ ਵਲੋਂ ਹਾਰਦਿਕ ਵਧਾਈ ਹੈ। ਜਗਜੀਤ ਸੰਧੂ ਨੇ ਸੀਰਤ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸੀਰਤ ਨੇ ਦਰਜਨਾਂ ਮਿਆਰੀ ਪੁਸਤਕਾਂ ਲਿਖ ਕੇ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਪਹਿਚਾਣ ਬਣਾਈ ਹੈ। ਹਰਭਜਨ ਢਿੱਲੋਂ ਨੇ ਸੁਰਿੰਦਰ ਸੀਰਤ ਦੀ ਸਾਹਿਤਕ ਦੇਣ ਦੀ ਵਿਆਖਿਆ ਕਰਦਾ ਕਾਵਿ-ਚਿੱਤਰ ਪੜ੍ਹ ਕੇ ਵਾਹ-ਵਾਹ ਖੱਟੀ।ਤਾਰਾ ਸਾਗਰ ਨੇ ਕਿਹਾ ਕਿ ਸੀਰਤ ਨੇ ਸਮੇਂ ਸਮੇ ਤੇ ਸਾਹਿਤ ਸਭਾਵਾਂ ਦੀ ਨੋਗ ਅਗਵਾਈ ਕੀਤੀ ਹੈ।

ਕੁਲਵਿੰਦਰ ਨੇ ਸਨਮਾਨ ਚਿੰਨ੍ਹ ਪੜ੍ਹ ਕੇ ਸੁਣਾਉਂਦੇ ਹੋਏ ਸੀਰਤ ਦੀ ਸਾਹਿਤਕ ਦੇਣ ਦੀ ਸ਼ਲਾਘਾ ਕਰਦੇ ਪਰਿਵਾਰ ਦਾ ਧੰਨਵਾਦ ਕੀਤਾ। ਇਸ ਉਪਰੰਤ ਕੇਕ ਕੱਟਿਆ ਗਿਆ । ਸੁਰਿੰਦਰ ਸਿੰਘ ਸੀਰਤ ਨੇ ਆਏ ਸਭ ਮਹਿਮਾਨਾਂ ਦਾ ਧੰਨਵਾਦ ਕੀਤਾ।


Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:
IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲ੍ਹਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।
ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

# ਦੇਸ਼ ਦੁਆਬਾ

## ਨੋਟਬੰਦੀ ਉਤੇ ਸਿਆਸਤ ਦੀ ਗਰਮੀ

ਮੋਦੀ ਸਰਕਾਰ ਨੇ ਪਿਛਲੇ ਸਾਲ ਇਹਨਾਂ ਹੀ ਦਿਨਾਂ ਵਿਚ ਨੋਟਬੰਦੀ ਲਾਗੂ ਕਰ ਦਿੱਤੀ ਸੀ। ਜਿਸ ਕਾਰਨ 500 ਅਤੇ 1000 ਦੇ ਨੋਟ ਬੰਦ ਕਰਕੇ ਨਵੇਂ 2000 ਅਤੇ 500 ਦੇ ਨੋਟ ਅਰਥਚਾਰੇ ਵਿਚ ਲਿਆਂਦੇ ਸਨ। ਨੋਟਬੰਦੀ ਦਾ ਅਸਲ ਕਾਰਨ ਕਾਲਾ ਧੰਨ ਦੱਸਿਆ ਗਿਆ ਸੀ। ਨੋਟਬੰਦੀ ਦੇ ਕਾਰਨ ਲੋਕਾਂ ਨੂੰ 3-4 ਮਹੀਨੇ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਬੈਂਕਾਂ ਮੂਹਰੇ ਕਤਾਰਾਂ ਲੱਗੀਆਂ ਅਤੇ ਅਰਥਚਾਰੇ ਨੂੰ ਵੀ ਝਟਕਾ ਲੱਗਿਆ, ਜਿਸ ਕਾਰਨ ਸਰਕਾਰ ਨੇ ਜਲਦੀ ਬਜਟ ਪੇਸ਼ ਕਰਕੇ ਇਸ ਦੇ ਅਸਰ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਅਤੇ 6 ਮਹੀਨੇ ਬਾਅਦ ਅਰਥਚਾਰਾ ਆਪਣੀ ਲੀਹ ਉਤੇ ਆ ਗਿਆ।

ਵਿਰੋਧੀ ਪਾਰਟੀ ਕਾਂਗਰਸ ਇਸ ਮੁੱਦੇ ਨੂੰ ਕੈਸ਼ ਕਰਾਉਣ ਲਈ ਵਾਰ-ਵਾਰ ਇਸਨੂੰ ਉਠਾਉਂਦੀ ਰਹਿੰਦੀ ਹੈ ਅਤੇ ਇਸ ਨੂੰ ਇਕ ਲੁੱਟ ਕਰਾਰ ਦਿੰਦੀ ਹੈ। ਵਿਰੋਧੀ ਧਿਰ ਦੀ ਆਪਣੀ ਜ਼ਿੰਮੇਵਾਰੀ ਹੈ ਕਿ ਉਹ ਸਰਕਾਰ ਦਾ ਵਿਰੋਧ ਕਰੇ ਪਰ ਨੋਟਬੰਦੀ ਦੇ ਅਸਲ ਕਾਰਨ ਸਰਕਾਰ ਵੀ ਦੱਸਣਾ ਨਹੀਂ ਚਾਹੁੰਦੀ। ਇਹ ਇਕ ਦੂਰਗਾਮੀ ਅਤੇ ਗੁੱਝੀ ਨੀਤੀ ਸੀ। ਮੋਦੀ ਸਰਕਾਰ ਇਸ ਬਾਰੇ ਚਰਚਾ ਨਹੀਂ ਕਰਨਾ ਚਾਹੁੰਦੀ ਕਿਉਂਕਿ ਇਹ ਖੁਫੀਆ ਏਜੰਸੀਆਂ ਅਤੇ ਫੌਜ ਦੀ ਸਲਾਹ ਨਾਲ ਚੁੱਕਿਆ ਗਿਆ ਕਦਮ ਦੱਸਿਆ ਜਾਂਦਾ ਹੈ।

ਇਕ ਪਾਕਿਸਤਾਨੀ ਲੇਖਕ ਦੀ ਕਿਤਾਬ ਮੁਤਾਬਕ ਭਾਰਤ ਦੀ ਕਰੰਸੀ ਨੂੰ ਛਾਪਣ ਲਈ ਪਾਕਿਸਤਾਨ ਵਿਚ ਦੋ ਪ੍ਰਿੰਟਿੰਗ ਪ੍ਰੈਸਾਂ ਨਿਰੰਤਰ ਕੰਮ ਕਰ ਰਹੀਆਂ ਸਨ। ਇਹਨਾਂ ਪ੍ਰੈਸਾਂ ਤੋਂ ਛਾਪਿਆ ਪੈਸਾ ਹੋਰਨਾਂ ਮੁਲਕਾਂ ਦੇ ਜ਼ਰੀਏ ਭਾਰਤ ਵਿਚ ਭੇਜਿਆ ਜਾਂਦਾ ਸੀ। ਜਾਅਲੀ ਕਰੰਸੀ ਦਾ ਵਪਾਰ ਇੰਨਾ ਜ਼ਿਆਦਾ ਵੱਧ ਗਿਆ ਸੀ ਕਿ ਭਾਰਤ ਵਿਚ ਇਕ ਤਿਹਾਈ ਕਰੰਸੀ ਜਾਅਲੀ ਨੋਟਾਂ ਦੀ ਹੋ ਗਈ ਸੀ। ਪਾਕਿਸਤਾਨ ਵਿਚ ਚਲਦੀਆਂ ਇਹ ਪ੍ਰਿੰਟਿੰਗ ਪ੍ਰੈਸਾਂ ਤੋਂ ਜੋ ਨੋਟ ਛਪਦੇ ਸਨ, ਉਹ ਵਿਦੇਸ਼ੀ ਕਰੰਸੀ ਵਿਚ ਤਬਦੀਲ ਹੋ ਕੇ ਅੱਤਵਾਦੀਆਂ ਦੀ ਮਦਦ ਲਈ ਜਾਂਦੇ ਸਨ। ਕਸ਼ਮੀਰ ਵਿਚ ਆਮ ਲੋਕਾਂ ਨੂੰ ਪੈਸੇ ਦੇ ਕੇ ਪ੍ਰਸ਼ਾਸਨ ਤੇ ਪੱਥਰ ਮਰਵਾਏ ਜਾਂਦੇ ਸਨ। ਇੰਨਾ ਹੀ ਨਹੀਂ ਜਾਅਲੀ ਕਰੰਸੀ ਦਾ ਇਹ ਵਪਾਰ ਹੁਣ ਭਾਰਤ ਵਿਚ ਵੀ ਹੋਣ ਲੱਗਿਆ ਸੀ। ਆਮ ਲੋਕਾਂ ਨੂੰ ਜਾਅਲੀ ਅਤੇ ਅਸਲੀ ਨੋਟਾਂ ਦੀ ਪਛਾਣ ਘੱਟ ਹੈ। ਇਸ ਕਰਕੇ ਬੈਂਕਾਂ ਨੂੰ ਜਾਅਲੀ ਕਰੰਸੀ ਪਰਖਣ ਵਾਲੀਆਂ ਮਸ਼ੀਨਾਂ ਤੱਕ ਦਿੱਤੀਆਂ ਗਈਆਂ ਪਰ ਇਹ ਸਾਰੇ ਯਤਨ ਜਦੋਂ ਨਾਕਾਮ ਹੋ ਗਏ ਤਾਂ ਸਰਕਾਰ ਨੇ ਸਖਤ ਕਦਮ ਚੁੱਕਿਆ ਅਤੇ ਬੈਂਕਾਂ ਦੇ ਜ਼ਰੀਏ ਲੈਣ-ਦੇਣ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜੋ ਜਾਅਲੀ ਕਰੰਸੀ ਦਾ ਵਪਾਰ ਨਾ ਵੱਧ ਸਕੇ ਪਰ ਭਾਰਤ ਵਿਚ ਲੋਕੀ ਅੱਜ ਵੀ ਇਸ ਨੂੰ ਇਕ ਸਖਤ ਅਤੇ ਬੇਲੋੜਾ ਕਦਮ ਮੰਨ ਰਹੇ ਹਨ। ਸਰਕਾਰ ਦੀ ਆਪਣੀ ਮਜਬੂਰੀ ਹੈ ਕਿ ਉਹ ਅਸਲ ਗੱਲਾਂ ਸਾਹਮਣੇ ਨਹੀਂ ਲਿਆਉਣਾ ਚਾਹੁੰਦੀ ਪਰ ਨੋਟਬੰਦੀ ਦੇ ਵਿਆਪਕ ਅਸਰਾਂ ਤੇ ਜ਼ਿਆਦਾ ਜ਼ੋਰ ਦੇਣ ਦੀ ਬਜਾਏ ਇਸ ਦੀ ਲੋੜ ਵੱਲ ਧਿਆਨ ਦੇਣ ਦੀ ਲੋੜ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-47

## ਗੁਰਬਾਣੀ ਚਾਨਣ ਵਿੱਚ ਸ਼ਿਵਾ (ਪਾਰਬਤੀ) ਦੇਵੀ ਬਾਰੇ



ਅਵਤਾਰ ਸਿੰਘ ਮਿਸ਼ਨਰੀ
510-432-5827

ਸਿੱਖ ਕੌਮ ਕਿਸੇ ਸ਼ਿਵਾ ਆਦਿਕ ਦੇਵੀ ਦੀ ਪੁਜਾਰੀ ਨਹੀਂ-ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈਂ ਪੂਜ ਨ ਹੋਈ॥(੪੮੯) ਪੂਜਹੁ ਰਾਮੁ ਏਕੁ ਹੀ ਦੇਵਾ॥(੪੮੪) ਸੇਵਕ ਸਿੱਖ ਪੂਜਣ ਸਭਿ ਅਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥(੬੬੯) ਗੁਰਸਿੱਖਾਂ ਵਿੱਚ "ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ ਦੀਦਾਰ ਖਾਲਸੇ ਕਾ" ਵਿਧਾਨ ਹੈ।

ਅੱਜ ਕੱਲ੍ਹ ਬਾਦਲ ਅਕਾਲੀ ਦਲ ਦੀ ਭਾਈਵਾਲ ਭਾਜਪਾ ਅਤੇ ਰਾਸ਼ਟਰੀਆ ਸਿੱਖ ਸੰਗਤ ਨੇ ਸਿੱਖਾਂ ਨੂੰ ਸ਼ਿਵਾ (ਦੁਰਗਾ ਪਾਰਬਤੀ) ਦੇਵੀ ਦਾ ਉਪਾਸ਼ਕ ਸਿੱਧ ਕਰਨ ਵਾਸਤੇ "ਦੇਹ ਸ਼ਿਵਾ ਬਰ ਮੋਹਿ ਇਹੇ" ਦਾ ਛੋਛਾ ਛੱਡਿਆ ਹੈ ਜਿਸ ਦਾ ਜਾਗਤ-ਜਮੀਰ ਸਿੱਖ ਆਪੋ ਆਪਣੇ ਵਸੀਲਿਆਂ ਨਾਲ ਜੁਵਾਬ ਦੇ ਰਹੇ ਹਨ। ਦਾਸ ਵੀ ਮਿਸ਼ਨਰੀ ਪ੍ਰਚਾਕ ਅਤੇ ਲੇਖਕ ਹੋਣ ਦੇ ਨਾਤੇ ਇਸ ਸ਼ਿਵਾ, ਸੂਰਜ ਅਤੇ ਚੰਦ ਆਦਿਕ ਕਲਪਿਤ ਦੇਵੀ ਦੇਵਤਿਆਂ ਬਾਰੇ ਲਿਖ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿਖੇ ਸ਼ਿਵਾ ਲਫਜ਼ ਕਈ ਅਰਥਾ 'ਚ ਆਇਆ ਹੈ ਪਰ ਦਸਮ ਗ੍ਰੰਥ 'ਚ ਪ੍ਰਕਰਣ ਅਨੁਸਾਰ ਕੇਵਲ ਸ਼ਿਵਾ (ਦੁਰਗਾ) ਵਾਸਤੇ ਹੈ। ਆਓ ਸਭ ਤੋਂ ਪਹਿਲਾਂ ਇਸ ਕਵਿਤਾ ਨੂੰ ਸਮਝ ਲਈਏ-

ਸਵੈਯਾ॥ ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥ ਨ ਡਰੋਂ ਅਰਿ ਸੋਂ ਜਬ ਜਾਇ ਲਰੋਂ॥ ਨਿਸਚੈ ਕਰ ਆਪਨੀ ਜੀਤ ਕਰੋਂ॥ ਅਰੁ ਸਿਖ ਹੋ ਆਪਨੇ ਹੀ ਮਨ ਕੋ, ਇਹ ਲਾਲਚ ਹਉ ਗੁਣ ਤਉ ਉਚਰੋਂ॥ ਜਬ ਆਵ ਕੀ ਅਉਧ ਨਿਧਾਨ ਬਨੈ, ਅਤਿ ਹੀ ਰਨ ਮੈਂ ਤਬ ਜੂਝ ਮਰੋਂ॥(ਚੰਡੀ ਚਰਿਤ੍ਰ ਉਕਤ ਬਿਲਾਸ-੨੩੨)

ਸ਼ਿਵਾ-ਸ਼ਿਵ ਦੀ ਇਸਤ੍ਰੀ ਦੁਰਗਾ (ਪਾਰਵਤੀ)। (ਮਹਾਨ ਕੋਸ਼) ਦੁਰਗਾ-ਸ਼ਿਵ ਦੀ ਪਤਨੀ। (ਹਿੰਦੂ ਮਿਥਿਹਾਸ ਕੋਸ਼) ਸ਼ਿਵ (ਸ਼ਿਵਜੀ, ਮਹਾਂਦੇਵ) ਪਾਰਬਤੀ ਦਾ ਪਤੀ। ਸ਼ਿਵਾ (ਪਾਰਬਤੀ) ਇਸ ਦੇ ਹੋਰ ਵੀ ਕਈ ਨਾਮ ਹਨ ਜਿਵੇਂ-ਪਰੀ, ਪਦਮਨੀ, ਪਾਰਬਤੀ, ਪਰਮ ਰੂਪਾ॥ ਸ਼ਿਵਾ ਬਾਸਵੀ, ਬ੍ਰਹਮੀ ਰਿਧ ਕੂਪਾ॥ (ਚੰਡੀ-੨੨੯) ਅਤੇ ਨਮੋ ਹਿੰਗੁਲਾ, ਪਿੰਗੁਲਾ, ਤੋਤਲਾਯੰ॥ ਨਮੋ ਕਰਤਿ, ਕਿਆਨੀ ਸ਼ਿਵਾ ਸੀਤਲਾਯੰ॥ ਆਦਿਕ ਸ਼ਿਵਾ ਦੇ ਨਾਮ ਹਨ। ਜਦ ਦੈਂਤਾਂ ਨੇ ਅਨੇਕਾਂ ਦੇਵਤੇ ਮਾਰ ਦਿੱਤੇ ਅਤੇ ਉਨ੍ਹਾਂ ਦਾ ਸਭ ਕੁਝ ਖੋਹ ਲਿਆ ਤਾਂ ਬਾਕੀ ਦੇਵਤੇ ਡਰਦੇ ਮਾਰੇ ਸ਼ਿਵਾ (ਦੁਰਗਾ) ਦੀ ਓਟ ਤੱਕ ਕੇ ਕੈਲਾਸ਼ ਪਰਬਤ ਤੇ ਆ ਗਏ (ਧਰਿ ਧਿਆਨ ਮਨ ਸ਼ਿਵਾ ਕੋ ਤੱਕੀ ਪੁਰੀ ਕੈਲਾਸ਼) ਅਤੇ (ਬਸੇ ਸ਼ਿਵਪੁਰੀ ਜਾਇ)

ਸ਼ਿਵਾ ਦਾ ਅਰਥ ਅਕਾਲ ਪੁਰਖ ਕਰਨ ਵਾਲੇ ਦੱਸਣਗੇ ਕਿ ਅਕਾਲ ਪੁਰਖ ਸਰਬ ਨਿਵਾਸੀ ਹੈ ਜਾਂ ਕੈਲਾਸ਼ ਪਰਬਤ ਤੇ ਰਹਿੰਦਾ ਹੈ ਜਾਂ ਓਥੇ ਮੰਨੀ ਗਈ ਦੇਵੀ ਸ਼ਿਵਾ (ਪਾਰਬਤੀ-ਦੁਰਗਾ) ਰਹਿੰਦੀ ਹੈ। ਮੁਕਦੀ ਗੱਲ "ਦੇਹ ਸ਼ਿਵਾ ਬਰ ਮੋਹਿ ਇਹੈ" ਵਾਲੇ ਸਵਯੈ ਵਿੱਚ, ਸ਼ਿਵਾ ਦਾ ਅਰਥ ਦੁਰਗਾ ਭਵਾਨੀ ਅਤੇ ਵਰ ਮੰਗਣ ਵਾਲਾ ਸਾਕਤ ਮਤੀਆ (ਸ਼ਿਵਾ ਉਪਾਸ਼ਕ) ਸ਼ਯਾਮ ਕਵੀ ਹੈ ਜਿਸ ਨੇ ਕ੍ਰਿਸ਼ਨਾ ਅਵਤਾਰ ਦੇ ਅੰਕ ੨੪੯੯ 'ਤੇ ਵੀ ਇਸੇ ਭਾਵ ਨੂੰ ਉਜਾਗਰ ਕੀਤਾ ਹੈ-ਅਬ ਰੀਝ ਕੈ ਦੇਹੁ ਵਹੈ ਹਮ ਜੋਊ ਹਉਂ ਬਿਨਤੀ ਕਰ ਜੋਰ ਕਰੋਂ॥ ਹੇ ਰਵਿ ਹੇ ਸਸਿ ਹੇ ਕਰੁਨਾਨਿਧ ਮੇਰੀ ਅਬੈ ਬਿਨਤੀ ਸੁਨਿ ਲੀਜੈ॥ ਅਉਰ ਨ ਮਾਂਗਤ ਹਉ ਤੁਮ ਤੇ ਕਛੁ ਚਾਹਤ ਹਉ ਚਿਤ ਮੈ ਸੋਈ ਕੀਜੈ॥ ਸ਼ੱਤ੍ਰਨ ਸਿਉ ਅਤਿ ਹੀ ਰਨ ਭੀਤਰ ਜੂਝ ਮਰੋ ਕਹਿ ਸਾਚ ਪਤੀਜੈ॥ ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰਿ ਸਯਾਮ ਇਹੈ ਬਰੁ ਦੀਜੈ॥੧੯੦੦॥(ਦ. ਗ੍ਰੰ-੪੯੫ ਕ੍ਰਿਸ਼ਨਾ ਅਵਤਾਰ) ਵੇਖੋ! ਅਕਾਲ ਦਾ ਉਪਾਸ਼ਕ ਗੁਰੂ ਗੋਬਿੰਦ ਸਿੰਘ ਰਵਿ (ਸੂਰਜ) ਅਤੇ ਸਸਿ (ਚੰਦ੍ਰਮਾਂ) ਅੱਗੇ ਬੇਨਤੀ ਕਰਦਾ ਦਰਸਾਇਆ ਜਦ ਕਿ ਗੁਰੂ ਨਿਰੰਕਾਰ ਕਰਣਹਾਰ ਕਰਤਾਰ ਦਾ ਹੀ ਉਪਾਸ਼ਕ ਹੈ। ਵਰ ਤੇ ਸਰਾਪ ਦੇਣੇ ਗੁਰਮਤਿ ਦੇ ਸਿਧਾਂਤ ਨਹੀਂ। ਗੁਰੂ ਕਦੀ ਕਿਸੇ ਨੂੰ ਵਰ ਜਾਂ ਸਰਾਪ ਨਹੀਂ ਦਿੰਦਾ ਸਗੋਂ ਬਖਸ਼ਿਸ਼ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਅਕਾਲ ਪੁਰਖ ਦੀ ਉਸਤਤਿ ਅਤੇ ਉਸ ਅੱਗੇ ਹੀ ਅਰਦਾਸ ਕੀਤੀ ਗਈ ਹੈ ਪਰ ਦਸਮ ਗ੍ਰੰਥ ਅਤੇ ਬ੍ਰਾਹਮਣੀ ਮਤ ਦੇ ਗ੍ਰੰਥ, ਵਰਾਂ ਸਰਾਪਾਂ ਦੀਆਂ ਕਲਪਿਤ ਕਥਾ ਕਹਾਣੀਆਂ ਨਾਲ ਭਰੇ ਪਏ ਹਨ।

ਹੁਣ ਗੁਰਸਿੱਖਾਂ ਨੇ ਸੋਚਣਾ ਹੈ ਕਿ ਓਨ੍ਹਾਂ ਨੇ ਕੌਮੀ ਤਰਾਨਾ-ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਭਾਰਿ॥ ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ॥ ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ॥ (੮੫੪) ਵਾਲੇ ਸ਼ਲੋਕ ਨੂੰ ਬਨਾਉਣਾ ਹੈ ਜਾਂ ਸਾਕਤ ਮੱਤੀਏ ਧਤੂਰੇ ਭੰਗ ਅਫੀਮ ਸ਼ਰਾਬ ਆਦਿਕ ਮਾਰੂ ਨਸ਼ਿਆਂ ਦੇ ਰਸੀਏ, ਸ਼ਿਵਜੀ ਦੀ ਪਤਨੀ ਸ਼ਿਵਾ (ਪਾਰਬਤੀ, ਦੁਰਗਾ ਦੇਵੀ) ਨੂੰ। ਸਿੱਖਾਂ ਸੇਵਕਾਂ ਨੂੰ ਬੇਨਤੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਆਪ ਪੜ੍ਹਨ, ਵਿਚਾਰਨ ਅਤੇ ਧਾਰਨ ਕਰਦੇ ਸਮੇ, ਗੁਰਬਾਣੀ ਦੇ ਮੂਲ ਸਿਧਾਂਤ ਮੂਲ ਮੰਤ੍ਰ (ਮੁੱਢਲੇ ਉਪਦੇਸ਼) ਨੂੰ ਧਿਆਨ ਵਿੱਚ ਰੱਖਣ, ਜਿਸ ਵਿੱਚ ਅਕਾਲ ਪੁਰਖ ਦੇ ਮੁਕੰਮਲ ਸਰੂਪ ਦਾ ਬਾਖੂਬੀ ਵਰਨਣ ਕੀਤਾ ਗਿਆ ਹੈ।

ਭਗਤਾਂ ਅਤੇ ਗੁਰੂ ਸਹਿਬਾਨਾਂ ਵੇਲੇ, ਭਾਰਤ ਵਿੱਚ ਬਹੁਤੇ ਹਿੰਦੂ ਅਤੇ ਮੁਗਲ ਮੁਸਮਾਨ ਸਨ। ਹਿੰਦੂਆਂ ਚੋਂ ਬ੍ਰਾਹਮਣ ਪੁਜਾਰੀ, ਜੋਗੀ ਅਤੇ ਸਿਧ ਪੀਰ ਅਤੇ ਮੁਸਲਮਾਨਾਂ ਚੋਂ ਮੁਲਾਂ ਮੁਲਾਣੇ ਕਾਜ਼ੀ ਆਦਿਕ ਸਨ। ਸਨਾਤਨੀ ਹਿੰਦੂਆਂ ਦੇ ਚਾਰ ਵੇਦ, 6 ਸ਼ਾਂਸ਼ਤ੍ਰ, 18 ਪੁਰਾਣ ਅਤੇ 27 ਸਿਮ੍ਰਤੀਆਂ ਆਦਿਕ ਗ੍ਰੰਥ, ਮੁਸਲਮਾਨਾਂ ਦਾ ਕੁਰਾਨੇ ਪਾਕਿ ਅਤੇ ਸ਼ਰਾ ਦੇ ਗ੍ਰੰਥ ਸਨ। ਸ਼ਬਦਾਵਲੀ, ਰੀਤੋ ਰਿਵਾਜ, ਮਨੌਤਾਂ, ਬੋਲੀ, ਬੋਲਚਾਲ ਮੁਗਲਾਂ ਅਤੇ ਸਨਾਤਨੀ ਬ੍ਰਾਹਮਣੀ ਹਿੰਦੂਆਂ ਵਾਲੇ ਸਨ। ਅਰਬੀ ਫਾਰਸੀ, ਹਿੰਦੀ ਅਤੇ ਸੰਸਕ੍ਰਿਤ ਆਦਿਕ ਬੋਲੀਆਂ ਦਾ ਬੋਲਬਾਲਾ ਸੀ। ਰੱਬੀ ਭਗਤਾਂ ਅਤੇ ਗੁਰੂਆਂ ਨੇ ਉਪਦੇਸ਼ ਦਿੰਦੇ ਸਮੇ ਉਨ੍ਹਾਂ ਦੀ ਸ਼ਬਦਾਵਲੀ, ਰੀਤਾਂ ਰਸਮਾਂ, ਮਿਥਾਂ, ਮਨੌਤਾਂ, ਬੋਲੀ ਅਤੇ ਅਕੀਦਿਆਂ ਦਾ ਇਸਤੇਮਾਲ ਕੀਤਾ ਹੈ। ਜਿਵੇਂ ਅੱਲ੍ਹਾ, ਰਾਮ, ਅਜਰਾਈਲ, ਭਿਸਤ-ਦੋਜਕ, ਬ੍ਰਹਮਾ, ਬਿਸ਼ਨ, ਮਹੇਸ਼, ਭਵਾਨੀ, ਪਾਰਬਤੀ, ਕ੍ਰਿਸ਼ਨ, ਹਨੂੰਮਾਨ, ਨਰਕ-ਸਵਰਗ, ਅਨੇਕਾਂ ਦੇਵੀ ਦੇਵਤਿਆਂ, ਮੰਦਰਾਂ ਮਸਜਦਾਂ, ਮੱਠਾਂ, ਮਜਾਰਾਂ ਅਤੇ ਸਿੱਧਾਂ ਪੀਰਾਂ ਜੋਗੀਆਂ ਆਦਿਕ ਦਾ ਨਾਂ ਵਰਤ ਕੇ ਰੱਬੀ ਉਪਦੇਸ਼ ਦਿੱਤੇ ਹਨ। ਉਸ ਵੇਲੇ ਦੇ ਰਾਜੇ, ਜੋਗੀ, ਮੁੱਲਾਂ ਮੁਲਾਣੇ ਅਤੇ ਉੱਚ-ਜਾਤੀ ਬ੍ਰਾਹਮਣ ਇਹ ਸਭ, ਆਮ ਜਨਤਾ ਨੂੰ ਵਹਿਮਾਂ ਭਰਮਾਂ ਅਤੇ ਤਾਕਤ ਦੇ ਡਰਾਵਿਆਂ ਨਾਲ ਲੁੱਟ ਰਹੇ ਸਨ। ਰੱਬੀ ਭਗਤਾਂ ਅਤੇ ਗੁਰੂਆਂ ਨੇ ਸੱਚੇ ਸੁੱਚੇ ਅਤੇ ਗਿਆਨ ਵਿਗਿਆਨ ਭਰਪੂਰ ਉਪਦੇਸ਼ਾਂ ਅਤੇ ਕਿਰਤ ਕਮਾਈ, ਸੇਵਾ, ਸਿਮਰਨ, ਪਰਉਪਕਾਰ ਆਦਿਕ ਲੋਕ ਭਲਾਈ ਦੇ ਕਰਮ ਅਤੇ ਜਨਤਾ ਵਿੱਚ ਕ੍ਰਾਂਤੀ ਪੈਦਾ ਕਰਕੇ, ਪੁਜਰੀਵਾਦ ਦਾ ਜੂਲਾ ਜਨਤਾ ਦੇ ਗਲੋਂ ਲਾਹ ਦਿੱਤਾ। ਕੀ ਹਿੰਦੂ ਤੇ ਕੀ ਮੁਸਲਮਾਨ ਧੜਾ ਧੜ ਗੁਰਮਤਿ ਧਾਰਨ ਲੱਗ ਪਏ। ਜਿਸਦਾ ਹੰਕਾਰੀ-ਮੁਤੱਸਬੀ ਮੁਸਲਮਾਨਾਂ ਅਤੇ ਜਾਤਪਾਤੀ ਬ੍ਰਾਹਮਣਾਂ ਨੇ ਕਰੜਾ ਵਿਰੋਧ ਕੀਤਾ। ਇਸ ਸਬੰਧ ਵਿੱਚ ਜੰਗ ਯੁੱਧ ਅਤੇ ਸ਼ਹੀਦੀਆਂ ਵੀ ਹੋਈਆਂ। ਹਰ ਵਾਰ ਜਾਗੀ ਜਨਤਾ ਅੱਗੇ ਇਨ੍ਹਾਂ ਨੂੰ ਹਾਰਨਾ ਪਿਆ। ਫਿਰ ਸ਼ਾਤਰ ਦਿਮਾਗ ਬ੍ਰਾਹਮਣ ਨੇ ਸੋਚਿਆ ਕਿ, ਜੰਗਾਂ ਯੁੱਧਾਂ ਵਿੱਚ ਸਾਡੇ ਜੂਲੇ ਹੇਠੋਂ ਨਿਕਲ ਕੇ, ਜਾਗ੍ਰਤ ਹੋ ਚੁੱਕੀ ਜਨਤਾ ਨੂੰ, ਹੁਣ ਅਸੀਂ ਵੱਸ ਨਹੀਂ ਕਰ ਸਕਦੇ ਪਰ ਇਨ੍ਹਾਂ ਦੇ ਧਰਮ ਅਤੇ ਇਤਿਹਾਸਕ ਗ੍ਰੰਥਾਂ ਵਿੱਚ ਬ੍ਰਾਹਮਣਵਾਦ ਦਾ ਰਲਾ ਕਰ ਦੇਈਏ ਤਾਂ ਸਮਾ ਪਾ ਕੇ, ਸਿੱਖ ਧਰਮ ਨੂੰ ਮੰਨਣ ਵਾਲੇ ਲੋਕ, ਫਿਰ ਸਾਡੇ ਵਹਿਮਾਂ ਭਰਮਾਂ ਅਤੇ ਕਰਮਕਾਡਾਂ ਦੇ ਜਾਲਾਂ ਵਿੱਚ

(ਬਾਕੀ ਸਫਾ 10 'ਤੇ)

# ਵਿਰਸਾ : ਸਿਆਲ ਰੁੱਤ ਦਾ ਮੇਵਾ, ਸਰੋਂ ਦਾ ਸਾਗ



ਤਸਵਿੰਦਰ ਸਿੰਘ ਬੜੈਚ
98763-22677

ਸਿਆਲ ਰੁੱਤ ਸ਼ੁਰੂ ਹੁੰਦਿਆਂ ਸਾਰ ਹੀ ਠੰਡੀ ਤਾਸੀਰ ਵਾਲੀਆਂ ਚੀਜ਼ਾਂ ਵੱਲੋਂ ਮੂੰਹ ਮੁੜ ਗਰਮ ਚੀਜ਼ਾਂ ਵੱਲ ਹੋ ਜਾਂਦਾ ਹੈ। ਗੱਲ ਜਦੋਂ ਸਰੋਂ ਦੇ ਸਾਗ ਦੀ ਹੋਵੇ ਤਾਂ ਨਾਲ ਦੋ ਗੱਲਾਂ ਹੋਰ ਜੁੜ ਜਾਂਦੀਆਂ ਹਨ। ਗਰਮ-ਗਰਮ ਮੱਕੀ ਦੀ ਰੋਟੀ ਤੇ ਮੱਖਣ ਦਾ ਪੇੜਾ।

ਪਹਿਲੇ ਸਮਿਆਂ ਵਿੱਚ ਸੁਆਣੀਆਂ ਆਪ ਸਾਗ ਖੇਤਾਂ ਵਿੱਚੋਂ ਤੋੜ ਕੇ ਲਿਆਉਂਦੀਆਂ ਹੁੰਦੀਆਂ ਸਨ। ਫਿਰ ਸਾਗ ਦੀ ਕੱਲੀ-ਕੱਲੀ ਗੰਦ਼ਲ ਨੂੰ ਛਿੱਲ ਕੇ, ਹੱਥ ਨਾਲ ਸਾਗ ਚੀਰਨ ਵਾਲੀ ਦਾਤੀ ਨਾਲ ਚੀਰਿਆ ਜਾਂਦਾ ਸੀ। ਫਿਰ ਮਿੱਟੀ ਦੀ ਤੌੜੀ ਵਿੱਚ ਲੱਕੜਾਂ, ਪਾਥੀਆਂ ਤੇ ਗੁੱਲਾਂ ਦੀ ਅੱਗ 'ਤੇ ਅੱਧਾ ਦਿਨ ਤੱਕ ਚੰਗੀ ਤਰ੍ਹਾਂ ਰਿੰਨ੍ਹਿਆਂ ਜਾਂਦਾ ਸੀ। ਸਾਗ ਵਿੱਚ ਆਲਣ ਪਾ ਕੇ ਘੋਟਣ ਵਾਲੀ ਘੋਟਣੀ ਨਾਲ ਘੋਟਿਆ ਜਾਂਦਾ ਸੀ। ਸਾਗ ਬਣਾਉਣਾ ਕਾਫੀ ਮਿਹਨਤ ਦਾ ਕੰਮ ਸੀ। ਇੱਕ ਦਿਨ ਦਾ ਰਿੰਨ੍ਹਿਆ ਹੋਇਆ ਸਾਗ ਤੜਕਾ ਲਾ ਕੇ ਕਈ ਦਿਨ ਖਾਧਾ ਜਾਦਾ ਸੀ। ਗਰਮ-ਗਰਮ ਮੱਕੀ ਦੀ ਰੋਟੀ ਦੇ ਉੱਪਰ ਸਾਗ ਧਰ ਕੇ ਤੇ ਸਾਗ ਵਿੱਚ ਮੱਖਣ ਪਾ ਕੇ ਖਾਦ ਦਾ ਆਪਣਾ ਹੀ ਅਨੰਦ ਹੁੰਦਾ ਸੀ। ਮੱਕੀ ਦੀ ਰੋਟੀ ਨਾਲ ਖਾਧੇ ਸਾਗ ਦੀ ਰੀਸ ਕੋਈ ਹੋਰ ਪਕਵਾਨ ਨਹੀਂ ਕਰ ਸਕਦਾ। ਸਾਗ ਚੀਰਨ ਵਾਲੀ ਦਾਤੀ ਨਾਲ ਸਾਗ ਚੀਰਨਾ ਕਿਸੇ ਕਲਾ ਨਾਲੋਂ ਘੱਟ ਨਹੀਂ ਸੀ। ਥੋੜ੍ਹੀ ਜਿਹੀ ਅਣਗਹਿਲੀ ਵਰਤਣ ਨਾਲ ਤਿੱਖੀ ਦਾਤੀ ਉਂਗਲਾਂ ਨੂੰ ਵੱਢ ਸਕਦੀ ਸੀ। ਹੁਣ ਸਾਗ ਖੇਤਾਂ ਵਿੱਚੋਂ ਤੋੜ ਕੇ ਲਿਆਉਣ ਦੀ ਥਾਂ ਬਾਜ਼ਾਰ ਚੋਂ ਮੁਲ ਲੈਣ ਦਾ ਰੁਝਾਨ ਵਧ ਰਿਹਾ ਹੈ। ਜਾਂ ਫਿਰ ਭਈਏ ਸਾਗ ਖੇਤਾਂ ਵਿੱਚੋਂ ਤੋੜ ਕੇ ਲਿਆਉਂਦੇ ਹਨ। ਖੇਤੀਬਾੜੀ ਨਾਲ ਜੁੜੇ ਲੋਕ ਹੀ ਘਰ ਦਾ ਸਾਗ ਖਾਂਦੇ ਹਨ, ਪਰ ਸ਼ਹਿਰਾਂ ਵਿੱਚ ਰਹਿਣ ਵਾਲੇ ਜਮੀਨਾਂ ਤੋਂ ਸੱਖਣੇ ਸਬਜ਼ੀ ਵੇਚਣ ਵਾਲੇ ਦੀ ਉਡੀਕ 'ਚ ਰਹਿੰਦੇ ਨੇ। ਹੁਣ ਸਾਗ ਹੱਥ ਵਾਲੀ ਦਾਤੀ ਨਾਲ ਨਹੀਂ ਚੀਰਿਆ ਜਾਂਦਾ, ਸਗੋਂ ਟੋਕਾ ਕਰਨ ਵਾਲੀ ਮਸ਼ੀਨ ਦੀ ਤਰ੍ਹਾਂ ਸਾਗ ਚੀਰਨ ਵਾਲੀ ਮਸ਼ੀਨ ਨਾਲ ਸਾਗ ਚੀਰ ਕੇ ਧਰਿਆ ਜਾਂਦਾ ਹੈ। ਸਾਗ ਹੁਣ ਮਿੱਟੀ ਦੀ ਤੌੜੀ ਵਿੱਚ ਘੱਟ ਹੀ ਧਰਿਆ ਜਾਂਦਾ ਹੈ। ਜਿਆਦਾ ਸਾਗ ਦੇਗ ਦੇ ਪਤੀਲਿਆਂ ਜਾਂ ਪ੍ਰੈਸ਼ਰ ਕੁੱਕਰਾਂ ਵਿੱਚ ਬਣਾਇਆ ਜਾਦਾ ਹੈ। ਹੁਣ ਅੱਧਾ ਦਿਨ ਸਾਗ ਨੂੰ ਹਾਰੇ 'ਚ ਰਿੰਨ੍ਹਣ ਦੀ ਲੋੜ ਨਹੀਂ, ਕੁੱਕਰ ਦੀਆਂ ਕੁਝ ਕੁ ਸੀਟੀਆਂ ਮਸਲਾ ਹੱਲ ਕਰ ਛੱਡਦੀਆਂ ਨੇ।

ਮਿਕਸੀ ਨਾਲ ਘੋਟ ਕੇ ਆਲਣ ਪਾਇਆ ਜਾਂਦਾ ਹੈ। ਪਰ ਤੌੜੀ ਵਾਲੇ ਸਾਗ ਤੇ ਕੁੱਕਰ ਵਾਲੇ ਸਾਗ ਵਿਚਲੇ ਸਵਾਦ ਦਾ ਫਰਕ ਅੰਦਾਜ਼ਾ ਲਵਾ ਦਿੰਦਾ ਹੈ ਕਿ ਸਹਿਜਤਾ ਨਾਲ ਬਦਾਈ ਚੀਜ਼ ਤੇ ਕਾਹਲ ਵਿੱਚ ਬਣਾਈ ਚੀਜ਼ ਵਿੱਚ ਕਿੰਨਾ ਅੰਤਰ ਹੈ। ਤੌੜੀ 'ਚ ਬਣਾਇਆ ਸਾਗ ਬਹੁਤ ਹੀ ਸੁਆਦਲਾ ਬਣਦਾ ਸੀ।

ਸਾਗ ਦਾ ਮੇਲ ਮੱਕੀ ਦੀ ਰੋਟੀ ਨਾਲ ਹੁੰਦਾ ਹੈ। ਤਾਹੀਓਂ ਤਾਂ ਸਾਗ ਤੇ ਮੱਕੀ ਦੀ ਰੋਟੀ ਦਾ ਜ਼ਿਕਰ ਗੀਤਾਂ ਵਿੱਚ ਵੀ ਆਉਂਦਾ ਹੈ:-

'ਮੱਕੀ ਦੀ ਰੋਟੀ ਤੇ ਸਾਗ ਵੀ ਧਰਾਂਗੇ, ਲੈ ਲਾ ਠਾਣੇਦਾਰੀ ਆਪਾਂ ਲੋਕਾਂ ਨੂੰ ਕੁੱਟਾਂਗੇ।'



ਮੱਕੀ ਦੀ ਰੋਟੀ ਪਕਾਉਣ ਲਈ ਆਟਾ ਗਰਮ ਪਾਣੀ ਨਾਲ ਗੁੰਨ੍ਹਣਾ ਪੈਂਦਾ ਹੈ। ਮੱਕੀ ਦੀ ਰੋਟੀ ਪਾਦੀ ਹੱਥ ਲਾ ਕੇ ਪਕਾਈ ਜਾਂਦੀ ਸੀ। ਚੁੱਲ੍ਹੇ ਦੀ ਵੱਟ ਨਾਲ ਲਾ ਕੇ ਰਾੜ੍ਹੀ ਜਾਂਦੀ ਸੀ। ਅੱਜ ਦੀਆਂ ਮੁਟਿਆਰਾਂ ਨੂੰ ਮੱਕੀ ਦੀ ਰੋਟੀ ਬਣਾਉਣੀ ਹੀ ਨਹੀਂ ਆਉਂਦੀ। ਬਹੁਤੇ ਪਰਿਵਾਰ ਤਾਂ ਸਾਗ ਨਾਲ ਕਣਕ ਦੀ ਰੋਟੀ ਹੀ ਖਾਂਦੇ ਹਨ। ਹੁਣ ਮੱਕੀ ਦੀ ਰੋਟੀ ਘੱਟ ਹੀ ਬਣਦੀ ਹੈ। ਹੁਣ ਲੋਕੀ ਮੱਕੀ ਵੀ ਘੱਟ ਹੀ ਬੀਜਦੇ ਹਨ। ਜਿਨ੍ਹਾਂ ਨੇ ਮੱਕੀ ਦੀ ਰੋਟੀ ਖਾਣੀ ਹੁੰਦੀ ਹੈ, ਉਹ ਬਾਜ਼ਾਰ ਵਿੱਚੋਂ ਮੱਕੀ ਦਾ ਆਟਾ ਖਰੀਦਦੇ ਹਨ। ਮੱਕੀ ਦੀ ਰੋਟੀ ਦੀ ਪਹਿਲੇ ਵਾਲੀ ਚੜ੍ਹਤ ਹੁਣ ਦਿਨੋ-ਦਿਨੋ ਘਟਦੀ ਜਾ ਰਹੀ ਹੈ ਅਤੇ ਸਰ੍ਹੋਂ ਵੀ ਪੰਜਾਬ ਦੀ ਮੁੱਖ ਫਸਲ ਨਹੀਂ ਰਹੀ। ਹੁਣ ਪਿੰਡਾਂ ਅਤੇ ਸ਼ਹਿਰਾਂ ਵਿੱਚ ਪਹਿਲਾਂ ਜਿੰਨਾਂ ਸਾਗ ਖਾਣ ਦਾ ਰਿਵਾਜ਼ ਹੀ ਨਹੀਂ ਰਿਹਾ। ਨਾ ਹੀ ਅੱਜ ਦੀ ਪੀੜ੍ਹੀ ਦੀਆਂ ਬਹੁਤੀਆਂ ਜਨਾਨੀਆਂ ਸਾਗ ਬਣ ਕੈ ਰਾਜ਼ੀ ਹਨ। ਅੱਜ ਦੀ ਪੀੜ੍ਹੀ ਨੂੰ ਸਰਦੀਆਂ ਦੇ ਇਸ ਲਜ਼ੀਜ਼ ਤੋਹਫੇ ਸਾਗ ਦਾ ਸਵਾਦ ਇੱਕ ਵਾਰ ਜਰੂਰ ਚੱਖਣਾ ਚਾਹੀਦਾ ਹੈ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਨੋਟਬੰਦੀ 'ਤੇ ਸਿਆਸਤ: ਮਨਮੋਹਨ ਸਿੰਘ ਨੇ ਮੋਦੀ ਸਰਕਾਰ ਦੀ ਕੀਤੀ ਝਾੜ-ਝੰਬ

**ਅਹਿਮਦਾਬਾਦ–** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਨੋਟਬੰਦੀ ਅਤੇ ਜੀਐਸਟੀ ਦੀ 'ਦੋਹਰੀ ਮਾਰ' ਨੇ ਮੁਲਕ ਦੀ ਆਰਥਿਕਤਾ 'ਬਿਲਕੁਲ ਤਬਾਹ' ਕਰ ਦਿੱਤੀ ਹੈ। ਉਨ੍ਹਾਂ ਨੇ ਇਨ੍ਹਾਂ 'ਯਾਦਗਾਰੀ ਗਲਤੀਆਂ' ਤੋਂ ਕੋਈ ਸਬਕ ਨਾ ਸਿੱਖਣ ਲਈ ਮੋਦੀ ਸਰਕਾਰ ਦੀ ਕੰਡ ਝਾੜ ਕੀਤੀ। ਨੋਟਬੰਦੀ ਦੀ ਪਹਿਲੀ ਵਰ੍ਹੇਗੰਢ ਤੋਂ ਇਕ ਦਿਨ ਪਹਿਲਾਂ ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਹਮਲੇ ਤੇਜ਼ ਕਰ ਦਿੱਤੇ ਹਨ। ਡਾ. ਮਨਮੋਹਨ ਨੇ ਸਰਕਾਰ ਦੇ ਉਤਸ਼ਾਹੀ ਬੁਲੇਟ ਟਰੇਨ ਪ੍ਰਾਜੈਕਟ, ਜਿਸ ਤਹਿਤ ਮੁੰਬਈ ਤੇ ਅਹਿਮਦਾਬਾਦ ਨੂੰ ਜੋੜਿਆ ਜਾਣਾ ਹੈ, ਦੇ ਪਰਖੱਚੇ ਉਡਾਉਂਦਿਆਂ ਇਸ ਨੂੰ 'ਦਿਖਾਵੇ ਵਾਲੀ ਕਾਰਵਾਈ' ਦੱਸਿਆ ਹੈ।

ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਜੋ ਪਹਿਲਾਂ ਕਿਹਾ ਸੀ ਉਸ ਨੂੰ ਦੁਹਰਾ ਰਹੇ ਹਨ ਕਿ ਨੋਟਬੰਦੀ 'ਸੰਗਠਿਤ ਲੁੱਟ ਅਤੇ ਕਾਨੂੰਨੀ ਡਾਕਾ' ਸੀ। ਉਨ੍ਹਾਂ ਨੇ ਇਸ ਨੂੰ 'ਜਲਦਬਾਜ਼ੀ ਵਾਲਾ ਕਦਮ' ਅਤੇ 'ਤਬਾਹਕੁਨ ਨੀਤੀ' ਦੱਸਿਆ, ਜੋ ਪ੍ਰਚਾਰੇ ਟੀਚੇ ਹਾਸਲ ਕਰਨ 'ਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਵਸਤਾਂ ਤੇ ਸੇਵਾਵਾਂ ਕਰ (ਜੀਐਸਟੀ) ਨੂੰ ਕਾਹਲੀ ਵਿੱਚ ਲਾਗੂ ਕੀਤਾ ਗਿਆ।

ਦੱਸਣਯੋਗ ਹੈ ਕਿ ਅਗਲੇ ਮਹੀਨੇ ਗੁਜਰਾਤ ਵਿੱਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਕਾਂਗਰਸ ਨੇ ਮੋਦੀ ਦੇ ਗ੍ਰਹਿ ਰਾਜ 'ਚ ਛੋਟੇ ਤੇ ਦਰਮਿਆਨੇ ਵਪਾਰੀਆਂ, ਜੋ ਜੀਐਸਟੀ ਨਾਲ ਆ ਰਹੀਆਂ ਸਮੱਸਿਆਵਾਂ ਕਾਰਨ ਸਰਕਾਰ ਖ਼ਿਲਾਫ਼ ਬਾਹਾਂ ਚੜ੍ਹਾਈ ਫਿਰ ਰਹੇ ਹਨ, ਦੇ ਇਕੱਠ ਦੌਰਾਨ ਪ੍ਰਧਾਨ ਮੰਤਰੀ 'ਤੇ ਹਮਲੇ ਲਈ ਉੱਘੇ ਅਰਥਸ਼ਾਸਤਰੀ ਮਨਮੋਹਨ ਸਿੰਘ ਨੂੰ ਮੈਦਾਨ ਵਿੱਚ ਉਤਾਰਿਆ। ਇਸ ਬਾਅਦ ਸਾਬਕਾ ਪ੍ਰਧਾਨ ਮੰਤਰੀ ਨੇ ਨਿਊਜ਼ ਕਾਨਫਰੰਸ ਦੌਰਾਨ ਕਿਹਾ ਕਿ ਸ੍ਰੀ ਮੋਦੀ ਦਾ ਸਾਲ 2022 ਤਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੀ ਯੋਜਨਾ ਵੀ ਇਕ ਚੋਣ ਜੁਮਲਾ ਬਣ ਕੇ ਰਹਿ ਜਾਵੇਗੀ। ਕਾਂਗਰਸ ਵੱਲੋਂ ਕਰਾਏ ਸਮਾਗਮ ਦੌਰਾਨ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਨੋਟਬੰਦੀ ਅਤੇ ਜੀਐਸਟੀ ਨੇ ਵਪਾਰੀ ਭਾਈਚਾਰੇ ਵਿੱਚ 'ਕਰ ਦਹਿਸ਼ਤ ਦੇ ਖ਼ੌਫ ਦੀ ਡੂੰਘੀ' ਜੜ੍ਹ ਲਗਾ ਦਿੱਤੀ ਹੈ। ਉਨ੍ਹਾਂ ਕਿਹਾ, 'ਨੋਟਬੰਦੀ ਸਪੱਸ਼ਟ ਤੌਰ 'ਤੇ ਕਰ ਨਾ ਦੇਣ ਤੇ ਕਾਲੇ ਧਨ ਦੀ ਸਮੱਸਿਆ ਦੇ ਖ਼ਾਤਮੇ ਦਾ ਰਾਹ ਨਹੀਂ ਸੀ। ਨੋਟਬੰਦੀ ਮਹਿਜ਼ ਸਿਆਸੀ ਲਾਹੇ ਵਾਲਾ ਕਦਮ ਸਾਬਿਤ ਹੋਈ ਹੈ ਅਤੇ ਅਸਲ ਦੋਸ਼ੀ ਬਚ ਗਏ ਹਨ।'

ਉਨ੍ਹਾਂ ਕਿਹਾ, 'ਸ੍ਰੀ ਮੋਦੀ ਨੂੰ ਦੋ ਮਹਾਨ ਗੁਜਰਾਤੀਆਂ ਮਹਾਤਮਾ ਗਾਂਧੀ ਅਤੇ ਸਰਦਾਰ ਪਟੇਲ ਤੋਂ ਪ੍ਰੇਰਣਾ ਲੈਣੀ ਚਾਹੀਦੀ ਸੀ। ਚੰਗੇ ਪ੍ਰਸ਼ਾਸਨ 'ਚ ਦਿਮਾਗ ਤੇ ਦਿਲ ਸ਼ਾਮਲ ਹੁੰਦਾ ਹੈ। ਮੈਨੂੰ ਇਹ ਕਹਿੰਦਿਆਂ ਦੁੱਖ ਹੁੰਦਾ ਹੈ ਕਿ ਕੇਂਦਰ ਸਰਕਾਰ ਇਨ੍ਹਾਂ ਦੋਵੇਂ ਫਰੰਟਾਂ 'ਤੇ ਆਪਣਾ ਫ਼ਰਜ਼ ਨਿਭਾਉਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਵਿਕਾਸ ਦਰ ਡਿੱਗਣ ਕਾਰਨ ਲੋਕਾਂ ਕੋਲੋਂ ਰੁਜ਼ਗਾਰ ਤੇ ਨੌਜਵਾਨਾਂ ਕੋਲੋਂ ਮੌਕੇ ਖੁੱਸ ਗਏ ਹਨ। ਕਾਰੋਬਾਰ ਠੱਪ ਹੋ ਗਏ ਹਨ। ਉਪਰੋਂ ਸਰਕਾਰ ਵੱਲੋਂ ਇਸ ਇਤਿਹਾਸਕ ਭੁੱਲ ਤੋਂ ਕੋਈ ਸਬਕ ਨਾ ਲੈਣਾ ਇਸ ਤੋਂ ਵੀ ਭਿਆਨਕ ਹੈ।'

# ਸੰਗਠਿਤ ਲੁੱਟ ਤਾਂ ਮਨਮੋਹਨ ਸਿੰਘ ਵੇਲੇ ਹੋਈ: ਜੇਤਲੀ

ਨੋਟਬੰਦੀ ਨੂੰ 'ਸੰਗਠਿਤ ਲੁੱਟ' ਦੱਸਣ ਲਈ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ 'ਤੇ ਹੱਲਾ ਬੋਲਦਿਆਂ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਇਹ 'ਨੈਤਿਕ ਮੁਹਿੰਮ ਅਤੇ ਇਖ਼ਲਾਕੀ ਕਦਮ' ਸੀ ਜਦੋਂਕਿ 'ਲੁੱਟ' ਤਾਂ ਡਾ. ਮਨਮੋਹਨ ਦੇ ਕਾਰਜਕਾਲ ਵਿੱਚ 2ਜੀ, ਰਾਸ਼ਟਰਮੰਡਲ ਖੇਡਾਂ ਅਤੇ ਕੋਲਾ ਬਲਾਕ ਵੰਡ ਘੁਟਾਲਿਆਂ ਦੇ ਰੂਪ 'ਚ ਹੋਈ ਸੀ। ਨੋਟਬੰਦੀ ਦੇ ਫ਼ੈਸਲੇ ਨਾਲ ਆਰਥਿਕਤਾ ਦਾ ਵਿਸਥਾਰ ਤੇ ਸਫ਼ਾਈ ਹੋਣ ਤੋਂ ਇਲਾਵਾ ਕਰ ਆਧਾਰ ਵਧਣ ਦਾ ਦਾਅਵਾ ਕਰਦਿਆਂ ਸ੍ਰੀ ਜੇਤਲੀ ਨੇ ਕਿਹਾ ਕਿ ਸਰਕਾਰ ਆਪਣੇ ਇਸ ਫ਼ੈਸਲੇ 'ਤੇ ਸਾਲ ਬਾਅਦ ਵੀ ਡਟ ਕੇ ਖੜ੍ਹੀ ਹੈ। ਉਨ੍ਹਾਂ ਨੇ ਇਸ ਨੂੰ ਭਾਰਤੀ ਆਰਥਿਕਤਾ ਦਾ 'ਇਤਿਹਾਸਕ ਪਲ' ਦੱਸਿਆ ਹੈ।

ਭਾਜਪਾ ਦੀ ਪ੍ਰੈਸ ਕਾਨਫਰੰਸ ਦੌਰਾਨ ਸ੍ਰੀ ਜੇਤਲੀ ਨੇ ਕਿਹਾ ਕਿ ਨੈਤਿਕਤਾ ਦੇ ਮੁੱਦੇ 'ਤੇ ਕਾਂਗਰਸ ਨਾਲੋਂ ਉਨ੍ਹਾਂ ਦੀ ਪਾਰਟੀ ਦਾ ਵੱਖਰਾ ਦ੍ਰਿਸ਼ਟੀਕੋਣ ਹੈ ਕਿਉਂਕਿ ਉਨ੍ਹਾਂ ਦੀ ਤਰਜੀਹ ਮੁਲਕ ਦੀ ਸੇਵਾ ਹੈ ਜਦੋਂਕਿ ਵਿਰੋਧੀ ਧਿਰ ਲਈ ਇਹ ਇਕ ਪਰਿਵਾਰ ਦੀ ਸੇਵਾ ਹੈ। ਉਨ੍ਹਾਂ ਨੇ ਡਾ. ਮਨਮੋਹਨ ਸਿੰਘ ਨੂੰ 2014 ਤੋਂ ਪਹਿਲਾਂ ਅਤੇ 2014 ਬਾਅਦ ਭਾਰਤੀ ਆਰਥਿਕਤਾ ਦੀ ਭਰੋਸੇਯੋਗਤਾ ਦੀ ਤੁਲਨਾ ਕਰਨ ਲਈ ਕਿਹਾ। ਵਿੱਤ ਮੰਤਰੀ ਨੇ ਕਿਹਾ, 'ਤੁਹਾਡੇ ਸਮੇਂ ਨੀਤੀਗਤ ਖੜ੍ਹੋਤ ਕਾਰਨ ਆਰਥਿਕਤਾ ਅਸਰਅੰਦਾਜ਼ ਹੋਈ ਸੀ। ਤੁਸੀਂ ਆਲਮੀ ਮੰਚ ਤੋਂ ਗਾਇਬ ਸੀ। ਅੱਜ ਇਕ ਵੀ ਅਜਿਹੀ ਕੌਮਾਂਤਰੀ ਏਜੰਸੀ ਨਹੀਂ ਹੈ, ਜੋ ਭਾਰਤ 'ਚ ਕੀਤੇ ਗਏ ਢਾਂਚਾਗਤ ਸੁਧਾਰਾਂ ਦੀ ਪ੍ਰਸੰਸਾ ਨਾ ਕਰਦੀ ਹੋਵੇ। ਕਾਲੇ ਧਨ ਖ਼ਿਲਾਫ਼ ਮੁਹਿੰਮ ਇਖ਼ਲਾਕੀ ਮੁਹਿੰਮ ਹੈ। ਲੁੱਟ ਤਾਂ 2ਜੀ, ਰਾਸ਼ਟਰਮੰਡਲ ਖੇਡਾਂ ਅਤੇ ਕੋਲਾ ਬਲਾਕ ਵੰਡ 'ਚ ਹੋਈ ਸੀ।' ਸ੍ਰੀ ਜੇਤਲੀ ਨੇ ਕਿਹਾ ਕਿ ਨੋਟਬੰਦੀ ਸਾਰੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੈ ਪਰ ਇਸ ਫ਼ੈਸਲੇ ਨੇ ਏਜੰਡਾ ਤਬਦੀਲ ਕਰਨ ਤੋਂ ਇਲਾਵਾ ਘੱਟ-ਨਕਦੀ ਵਾਲੀ ਆਰਥਿਕਤਾ ਦੀ ਨੀਂਹ ਰੱਖੀ, ਕਰਦਾਤਾਵਾਂ ਦੀ ਗਿਣਤੀ ਵਧਾਈ ਅਤੇ ਅਤਿਵਾਦ ਫੰਡਿੰਗ ਨੂੰ ਲਗਾਮ ਪਾਈ ਹੈ। ਉਨ੍ਹਾਂ ਕਿਹਾ ਕਿ ਕਾਲੇ ਧਨ ਖ਼ਿਲਾਫ਼ ਇਕ ਵੀ ਵੱਡਾ ਕਦਮ ਨਾ ਚੁੱਕਣ ਦਾ ਕਾਂਗਰਸ ਦਾ ਇਤਿਹਾਸ ਹੈ।

### ਮੋਟੀਆਂ ਰਕਮਾਂ ਜਮ੍ਹਾਂ ਕਰਾਉਣ ਵਾਲਿਆਂ ਨੂੰ ਮਿਲਣਗੇ ਨੋਟਿਸ

ਆਮਦਨ ਕਰ ਵਿਭਾਗ ਨੇ ਨੋਟਬੰਦੀ ਬਾਅਦ ਬੈਂਕਾਂ 'ਚ ਮੋਟੀਆਂ ਰਕਮਾਂ ਜਮ੍ਹਾਂ ਕਰਾਉਣ ਵਾਲੀਆਂ ਤਕਰੀਬਨ ਇਕ ਲੱਖ ਕੰਪਨੀਆਂ ਤੇ ਵਿਅਕਤੀਆਂ ਨੂੰ ਨੋਟਿਸ ਜਾਰੀ ਕਰਨ ਦੀ ਤਿਆਰੀ ਕਰ ਲਈ ਹੈ। ਸੂਤਰਾਂ ਮੁਤਾਬਕ ਇਸ ਹਫ਼ਤੇ ਨੋਟਿਸ ਜਾਰੀ ਕੀਤੇ ਜਾਣਗੇ। ਪਹਿਲੇ ਪੜਾਅ ਤਹਿਤ 70 ਹਜ਼ਾਰ ਕੰਪਨੀਆਂ ਨੂੰ ਨੋਟਿਸ ਜਾਰੀ ਕੀਤੇ ਜਾਣਗੇ, ਜਿਨ੍ਹਾਂ ਨੇ 50 ਲੱਖ ਤੋਂ ਵੱਧ ਨਕਦੀ ਜਮ੍ਹਾਂ ਕਰਾਈ ਹੈ ਪਰ ਕਰ ਰਿਟਰਨਾਂ ਨਹੀਂ ਭਰੀਆਂ।

# ਗਗਨੇਜਾ, ਰਵਿੰਦਰ ਗੋਸਾਈ, ਸੁਲਤਾਨ ਮਸੀਹ ਤੇ ਅਮਿਤ ਸ਼ਰਮਾ ਦੇ ਕਾਤਲ ਗ੍ਰਿਫਤਾਰ

**ਚੰਡੀਗੜ੍ਹ :** ਪੰਜਾਬ ਪੁਲਿਸ ਹੱਥ ਵੱਡੀ ਕਾਮਯਾਬੀ ਲੱਗੀ ਹੈ। ਪੁਲਿਸ ਨੇ ਸੂਬੇ ਵਿਚ ਹੋਏ ਹਾਈ ਪ੍ਰੋਫਾਈਲ ਕਤਲਾਂ ਨੂੰ ਹੱਲ ਕਰਦੇ ਹੋਏ ਚਾਰ ਕਾਤਲਾਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਚੰਡੀਗੜ੍ਹ 'ਚ ਪ੍ਰੈਸ ਕਾਨ-ਫਰੰਸ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਡੀ. ਜੀ. ਪੀ. ਸੁਰੇਸ਼ ਅਰੋੜਾ ਨੇ ਕਿਹਾ ਕਿ ਪੰਜਾਬ ਵਿਚ ਹੋਏ ਆਰ. ਐਸ. ਐਸ. ਜਗਦੀਸ਼ ਗਗਨੇਜਾ, ਰਵਿੰਦਰ ਗੋਸਾਈਂ, ਪਾਸਟਰ ਸੁਲਤਾਨ ਮਸੀਹ ਅਤੇ ਅਮਿਤ ਸ਼ਰਮਾ ਦੇ ਕਾਤਲਾਂ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ।


ਕੈਪਟਨ ਅਮਰਿੰਦਰ ਸਿੰਘ ਮੁਤਾਬਕ ਕੁੱਲ ਚਾਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਇਸ ਪਿੱਛੇ ਆਈ. ਐਸ. ਆਈ. ਦੀ ਸਾਜ਼ਿਸ਼ ਹੋਣ ਦੀ ਗੱਲ ਵੀ ਆਖੀ ਹੈ।

ਇਨ੍ਹਾਂ ਹਾਈ ਪ੍ਰੋਫਾਈਲ ਕਤਲ ਕੇਸਾਂ ਤੋਂ ਪਰਦਾ ਚੁੱਕਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਸ ਮਾਮਲੇ ਵਿਚ ਸਭ ਤੋਂ ਜਿੰਮੀ ਸਿੰਘ ਯੂ.ਕੇ. ਨੂੰ ਦਿੱਲੀ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜਗਤਾਰ ਸਿੰਘ ਜੌਹਲ ਯੂ. ਕੇ. ਅਤੇ ਗੁਗਨੀ ਦੀ ਗ੍ਰਿਫਤਾਰੀ ਦੀ ਦਾਅਵਾ ਕੀਤਾ ਗਿਆ ਹੈ। ਮੁੱਖ ਮੰਤਰੀ ਮੁਤਾਬਕ ਇਨ੍ਹਾਂ ਸਾਰੇ ਕਤਲ ਕੇਸਾਂ ਪਿੱਛੇ ਇਕੋ ਗਿਰੋਹ ਦਾ ਹੱਥ ਹੈ ਜਿਸ ਨੂੰ ਗ੍ਰਿਫਤਾਰ ਕਰ ਲਿਆ ਹੈ। ਕੈਪਟਨ ਮੁਤਾਬਕ ਆਈ. ਐਸ. ਆਈ. ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦੀ ਹੈ ਜਿਸ ਦੇ ਕਹਿਣ 'ਤੇ ਇਨ੍ਹਾਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਗਿਆ ਸੀ।


**ਪੰਜਾਬ 'ਚ 2 ਸਾਲਾਂ 'ਚ 8 ਕਤਲ**

3 ਅਪ੍ਰੈਲ 2016 ਨੂੰ ਭੈਣੀ ਸਾਹਿਬ 'ਚ ਮਾਤਾ ਚੰਦ ਕੌਰ ਦਾ ਕਤਲ, 23 ਅਪ੍ਰੈਲ 2016 ਨੂੰ ਸ਼ਿਵ ਸੈਨਾ ਨੇਤਾ ਦੁਰਗਾ ਗੁਪਤਾ ਦੀ ਹੱਤਿਆ, 6 ਅਗਸਤ 2016 ਨੂੰ ਜਲੰਧਰ 'ਚ ਆਰ. ਐਸ. ਐਸ. ਪ੍ਰਮੁੱਖ ਜਗਦੀਸ਼ ਗਗਨੇਜਾ ਦੀ ਹੱਤਿਆ, 14 ਜਨਵਰੀ 2017 ਨੂੰ ਲੁਧਿਆਣਾ ਦੁਰਗਾ ਮਾਤਾ ਮੰਦਰ ਦੇ ਕੋਲ ਹਿੰਦੂ ਨੇਤਾ ਅਮਿਤ ਸ਼ਰਮਾ ਦੀ ਹੱਤਿਆ, 25 ਫਰਵਰੀ 2017 ਨੂੰ ਪਿੰਡ ਜਗੇੜਾ ਦੇ ਨਾਮ ਚਰਚਾ ਘਰ ਵਿਚ ਡੇਰਾ ਪ੍ਰੇਮੀ ਸਤਪਾਲ ਸ਼ਰਮਾ ਅਤੇ ਉਸ ਦੇ ਬੇਟੇ ਦੀ ਹੱਤਿਆ, 16 ਜੂਨ 2017 ਨੂੰ ਲੁਧਿਆਣਾ ਦੇ ਪੀਰੂ ਬੰਦਾ 'ਚ ਪਾਸਟਰ ਸੁਲਤਾਨ ਮਸੀਹ ਦੀ ਹੱਤਿਆ, 17 ਅਕਤੂਬਰ 2017 ਨੂੰ ਆਰ. ਐਸ. ਐਸ. ਸ਼ਾਖਾ ਪ੍ਰਮੁੱਖ ਰਵਿੰਦਰ ਗੋਸਾਈ ਦੀ ਘਰ ਦੇ ਬਾਹਰ ਹੱਤਿਆ, 30 ਅਕਤੂਬਰ 2017 ਨੂੰ ਹਿੰਦੂ ਨੇਤਾ ਵਿਪਨ ਸ਼ਰਮਾ ਦੀ ਭਾਰਤ ਨਗਰ, ਅੰਮ੍ਰਿਤਸਰ 'ਚ ਸ਼ਰੇਆਮ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

# ਯੂਬਾ ਸਿਟੀ ਦੇ ਨਗਰ ਕੀਰਤਨ ਦੇ ਸਮਾਗਮਾਂ ਦੌਰਾਨ ਵਿਸ਼ੇਸ਼ 'ਸੋਵੀਨਰ' ਰਿਲੀਜ਼ ਕੀਤਾ ਗਿਆ




**ਯੂਬਾ ਸਿਟੀ (ਬਿਊਰੋ)–** ਵਿਸ਼ਵ ਪੱਧਰੀ ਮਾਨਤਾ ਰੱਖਣ ਵਾਲੇ ਯੂਬਾ ਸਿਟੀ ਦੇ ਨਗਰ ਕੀਰਤਨ 'ਚ ਵੱਖ ਵੱਖ ਸਮਾਗਮਾਂ ਤੋਂ ਉਪਰੰਤ ਨੰਗਰ ਕੀਰਤਨ ਉਤੇ ਕੱਢੇ



ਗਏ ਵਿਸ਼ੇਸ਼ 'ਸੋਵੀਨਰ' ਨੂੰ ਸ਼ਨੀਵਾਰ ਸ਼ਾਮ ਦੇ ਦੀਵਾਨਾਂ ਵਿਚ ਰਿਲੀਜ਼ ਕੀਤਾ ਗਿਆ। ਇਸ ਵਿਸ਼ੇਸ਼ ਸੋਵੀਨਰ ਨੂੰ ਰਿਲੀਜ਼ ਕਰਨ ਦੀ ਰਸਮ ਗੁਰਦੁਆਰਾ ਟਾਇਰਾ ਬਿਉਨਾ ਕਮੇਟੀ ਤੇ ਹੋਰ ਸਹਿਯੋਗੀਆਂ ਵੱਲੋਂ ਨਿਭਾਈ ਗਈ, ਜਿਹਨਾਂ ਵਿਚ ਨਗਰ ਕੀਰਤਨ ਕਮੇਟੀ ਦੇ ਚੇਅਰਮੈਨ ਸ. ਗੁਰਨਾਮ ਸਿੰਘ ਪੰਮਾ, ਸ. ਬਲਬੀਰ ਸਿੰਘ ਸੋਹਲ ਪ੍ਰਧਾਨ, ਬਲਰਾਜ ਸਿੰਘ ਢਿੱਲੋਂ ਸੀਨੀਅਰ ਵਾਈਸ ਪ੍ਰਧਾਨ, ਦਿਲਵੀਰ ਸਿੰਘ ਗਿੱਲ ਵਾਈਸ ਪ੍ਰਧਾਨ, ਹਰਮਨਦੀਪ ਸਿੰਘ ਸੰਧੂ ਸੈਕਟਰੀ, ਸ. ਗੁਰਮੇਜ ਸਿੰਘ ਗਿੱਲ ਸੀਨੀਅਰ ਵਾਈਸ ਸੈਕਟਰੀ, ਪਲਵਿੰਦਰ ਸਿੰਘ ਮਾਹੀ ਵਾਈਸ ਸੈਕਟਰੀ, ਸੁਖਵਿੰਦਰ ਸਿੰਘ ਖਜਾਨਚੀ, ਹਰਭਜਨ ਸਿੰਘ ਢੇਰੀ ਵਾਈਸ ਖਜਾਨਚੀ, ਹਰਨਰਿੰਦਰਪਾਲ ਸਿੰਘ ਵਾਈਸ ਖਜਾਨਚੀ, ਸਰਬਜੀਤ ਸਿੰਘ ਥਿਆੜਾ ਡਾਇਰੈਕਟਰ ਗੁਰਦੁਆਰਾ ਪ੍ਰਬੰਧ, ਸ. ਜਸਵੀਰ ਸਿੰਘ ਥਾਂਦੀ ਸੀ. ਈ. ਓ. ਡਬਲਿਊ. ਐਫ. ਜੀ., ਬਾਬਾ ਮੁਖਤਿਆਰ ਸਿੰਘ ਮੁਖੀ, ਸ. ਪ੍ਰਮਿੰਦਰ ਸਿੰਘ ਗਰੇਵਾਲ ਡਾਇਰੈਕਟਰ ਗੁਰਦੁਆਰਾ ਕਮੇਟੀ ਪ੍ਰਬੰਧਕ। ਇਸਮੌਕੇ 'ਸੋਵੀਨਰ' ਦੇ ਸੰਪਾਦਕ ਹੁਸਨ ਲੜੋਆ ਬੰਗਾ (ਪੱਤਰਕਾਰ) ਨੇ ਸੋਵੀਨਰ ਦੀ ਖ਼ੂਬਸੂਰਤੀ ਤੇ ਇਸ ਵਿਚਲੇ ਵਿਦਵਾਨਾਂ ਦੇ ਲੇਖਾਂ ਦਾ ਜ਼ਿਕਰ ਕੀਤਾ ਕਿ ਕਿਵੇਂ ਹਰ ਪੱਖ ਤੋਂ ਇਸ ਸੋਵੀਨਰ ਨੂੰ ਖ਼ੂਬ-ਸੂਰਤ ਤੇ ਪ੍ਰਭਾਵਸ਼ਾਲੀ ਦਿੱਖ ਦਿੱਤੀ ਗਈ। ਇਸ ਮੌਕੇ ਸਰਬਜੀਤ ਸਿੰਘ ਥਿਆੜਾ ਨੇ ਸੰਗਤਾਂ ਤੇ ਸਹਿਯੋਗੀਆਂ ਦਾ 'ਸੋਵੀਨਰ' ਲਈ ਦਿੱਤੇ ਸਹਿਯੋਗ ਬਦਲੇ ਧੰਨਵਾਦ ਕੀਤਾ ਤੇ ਇਸ ਸੋਵੀਨਰ ਦੇ ਸੰਪਾਦਕ ਦੀ ਥੋੜ੍ਹੇ ਸਮੇਂ ਵਿਚ ਵੱਡਾ ਕਾਰਜ ਉਹ ਵੀ ਬਿਨਾਂ ਕਿਸੇ ਸੇਵਾ ਤੋਂ, ਲਈ ਧੰਨਵਾਦ ਕੀਤਾ।

ਇਸ ਮੌਕੇ ਸਾਰੇ ਪ੍ਰਬੰਧਕਾਂ ਨੇ ਖ਼ੂਬਸੂਰਤ ਸੋਵੀਨਰ ਨੂੰ ਖ਼ੂਬ ਸਲਾਹਿਆ। ਇਸ ਨਗਰ ਕੀਰਤਨ ਦੌਰਾਨ ਇਸ ਸੋਵੀਨਰ ਨੂੰ ਮੁਫਤ ਤਕਸੀਮ ਕੀਤਾ ਗਿਆ ਜਿਸਨੂੰ ਸੰਗਤਾਂ ਦੀ ਭਰਪੂਰ ਦਾਦ ਮਿਲੀ। ਹੁਸਨ ਲੜੋਆ ਬੰਗਾ ਨੇ ਅਗਲੇ ਵਰ੍ਹੇ ਵੀ ਸੋਵੀਨਰ ਲਈ ਸਹਿਯੋਗੀਆਂ ਵੱਲੋਂ ਸਹਿਯੋਗ ਦੀ ਅਪੀਲ ਕੀਤੀ।

# ਯੂਬਾ ਸਿਟੀ, ਕੈਲੇਫੋਰਨੀਆ ਵਿਚ ਕੱਢੇ ਗਏ ਵਿਸ਼ਾਲ ਨਗਰ ਕੀਰਤਨ 'ਚ ਉਮੜਿਆ ਸੰਗਤਾਂ ਦਾ ਸੈਲਾਬ

(ਸਫਾ 1 ਦੀ ਬਾਕੀ)

ਬਾਅਦ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਇਸ ਤੋਂ ਬਾਅਦ ਕੁਝ ਅਮਰੀਕਨ ਉੱਚ ਅਧਿਕ-ਾਰੀਆਂ ਤੇ ਸਿੱਖ ਆਗੂਆਂ ਵੱਲੋਂ ਆਪਣੇ-ਆਪਣੇ ਵਿਚਾਰ ਰੱਖੇ ਗਏ। ਇਹਨਾਂ ਆਗੂਆਂ ਵਿਚ ਅਸੈਂਬਲੀਮੈਨ, ਸੁਪਰਵਾਈਜਰ ਰੌਲ ਸਲੰਜਰ, ਸੁਪਰਵਾਈਜਰ ਲੈਰੀ ਮੂੰਗਰ, ਸੁਪਰਵਾਈਜਰ ਜਿਮ ਵਿਟਕਰ, ਸੁਪਰਵਾਈਜਰ ਡੈਨ ਫਲੋਰਸਨ, ਸੁਪਰਵਾਈਜਰ ਸੈਂਟ ਕੋਨਿੰਟ, ਸੁਪਰਡੈਂਟ ਯੂਬਾ ਸਿਟੀ ਯੂਨਾਫਾਈਡ ਸਕੂਲ ਡਿਸਟ੍ਰਿਕ ਬਲਜਿੰਦਰ ਕੌਰ ਢਿੱਲੋਂ ਤੇ ਮੇਅਰ ਯੂਬਾ ਸਿਟੀ ਸਟੀਵ ਕਲੀਵਲੈਂਡ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ ਤੇ ਸਿੱਖ ਭਾਈਚਾਰੇ ਨੂੰ ਗੁਰਤਾ ਗੱਦੀ ਦਿਵਸ ਤੇ ਨਗਰ ਕੀਰਤਨ ਤੇ ਵਧਾਈ ਦਿੱਤੀ। ਇਸੇ ਤਰ੍ਹਾਂ ਸਿੱਖ ਭਾਈਚਾਰੇ ਦੇ ਆਗੂਆਂ ਵਿਚ ਡਾ. ਅਮਰਜੀਤ ਸਿੰਘ, ਡਾ. ਪ੍ਰਿਤਪਾਲ ਸਿੰਘ, ਡਾ. ਹਰਸ਼ਿੰਦਰ ਕੌਰ, ਡਾ. ਗੁਰਨਾਮ ਸਿੰਘ ਪੰਮਾ, ਡਾ. ਬਖਸ਼ੀਸ਼ ਸਿੰਘ ਸਿੱਖ ਕੌਂਸਲ, ਸ. ਰੇਸ਼ਮ ਸਿੰਘ, ਸ. ਬੂਟਾ ਸਿੰਘ ਖੜੌਦ, ਸ. ਸਿਮਰਨਜੀਤ ਸਿੰਘ ਮਾਨ ਦੇ ਬੇਟਾ ਸ. ਮਾਨ ਸਿੰਘ ਮਾਨ, ਸ੍ਰੀ ਪਲਵਿੰਦਰ ਸਿੰਘ ਮਾਹੀ, ਸ. ਪ੍ਰਮਿੰਦਰ ਸਿੰਘ ਗਰੇਵਾਲ, ਸ. ਜਸਵੰਤ ਸਿੰਘ ਹੋਠੀ, ਸ. ਜਸਵਿੰਦਰ ਸਿੰਘ ਜੰਡੀ, ਸ. ਸੁਖਵਿੰਦਰ ਸਿੰਘ ਥਾਣਾ, ਸੁਖਮਿੰਦਰ ਸਿੰਘ ਹੰਸਰਾ ਆਦਿ ਨੇ ਆਪਣੇ-ਆਪਣੇ ਵਿਚਾਰ ਰੱਖੇ। ਸਟੇਜ ਦੀ ਕਾਰਵਾਈ. ਸ. ਗੁਰਮੇਜ ਸਿੰਘ ਗਿੱਲ ਨੇ ਧਾਰਮਿਕ ਮਰਿਆਦਾ ਤੇ ਠਰ੍ਹੰਮੇ ਨਾਲ ਨਿਭਾਈ। ਐਤਕਾਂ ਨਗਰ ਕੀਰਤਨ 'ਤੇ ਵਿਸ਼ੇਸ਼ ਸੋਵੀਨਰ ਵੀ ਕੱਢਿਆ ਗਿਆ, ਜਿਸਨੂੰ ਹਜ਼ਾਰਾਂ ਸੰਗਤਾਂ ਦੀ ਹਾਜਰੀ ਵਿਚ ਪ੍ਰਬੰਧਕਾਂ ਵੱਲੋਂ ਦੀਵਾਨ ਹਾਲ ਵਿਚ ਰਿਲੀਜ਼ ਕਰਕੇ ਸੰਗਤਾਂ ਨੂੰ ਸਮਰਪਿਤ ਕੀਤਾ ਗਿਆ ਤੇ ਬਾਅਦ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਸੰਗਤਾਂ ਨੂੰ ਮੁਫ਼ਤ ਵੰਡਿਆ ਗਿਆ। ਸਵੇਰੇ ਅਮਰੀਕਨ ਤੇ ਸਿੱਖ ਆਗੂਆਂ ਨੂੰ ਦਿੱਤੇ ਸਨਮਾਨਾਂ ਤੋਂ ਬਾਅਦ ਅਰਦਾਸ ਹੋਣ ਬਾਅਦ ਨਗਰ ਕੀਰਤਨ ਦੀ ਅਰੰਭਤਾ ਹੋਈ, ਜਿਸਦੀ ਅਗਵਾਈ ਪੰਜਾਂ ਪਿਆਰਿਆਂ ਤੋਂ ਇਲਾਵਾ ਅਮਰੀਕਨ ਸਮੁੰਦਰੀ ਸੈਨਾ ਤੇ ਹਵਾਈ ਸੈਨਾ ਦੀ ਟੁਕੜੀ ਨੇ ਬੈਂਡ 'ਤੇ ਪਰੇਡ ਨਾਲ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਕ ਵੱਡੇ ਸ਼ਿੰਗਾਰੇ ਫਲੋਟ ਵਿਚ ਸੁਸ਼ੋਭਿਤ ਕਰਕੇ ਤੇ ਕੀਰਤਨ ਕਰਕੇ ਯੂਬਾ ਸਿਟੀ ਨਗਰ ਵਿਚ ਕੱਢਿਆ ਗਿਆ, ਜਿਸਨੂੰ ਹਜ਼ਾਰਾਂ ਸੰਗਤਾਂ ਨੇ ਨਮਸਕਾਰ ਕੀਤਾ ਤੇ ਜੈਕਾਰਿਆਂ ਨਾਲ ਜਿਵੇਂ ਅਸਮਾਨ ਗੂੰਜ ਉਠਿਆ ਹੋਵੇ। ਇਸ ਨਗਰ ਕੀਰਤਨ ਵਿਚ ਵੱਖ-ਵੱਖ ਫਲੋਟਾਂ ਨੇ ਨਗਰ ਕੀਰਤਨ ਦੀ ਸ਼ਾਨ ਨੂੰ ਚਾਰ ਚੰਨ ਲਗਾਏ। ਕੁਝ ਫਲੋਟਾਂ ਦੀ ਅਗਵਾਈ ਕੁਝ ਸਿਆਸੀ ਤੇ ਸਮਾਜਿਕ ਆਗੂ ਕਰ ਰਹੇ ਸਨ। ਵੱਖ-ਵੱਖ ਤਰ੍ਹਾਂ ਦੇ ਪਕਵਾਨਾਂ ਤੇ ਲੰਗਰਾਂ ਦਾ ਸੰਗਤਾਂ ਵਿਚ ਸ਼ਾਮਲ ਹਰ ਵਰਗ ਦੇ ਲੋਕਾਂ ਨੇ ਆਨੰਦ ਮਾਣਿਆ। ਭਾਰੀ ਗਿਣਤੀ ਵਿਚ ਲੋਕਾਂ ਨੇ ਗੁਰਦੁਆਰੇ ਅੱਗੇ ਬਣਾਈ ਗਈ ਆਰਜ਼ੀ ਮਾਰਕੀਟ ਤੋਂ ਭਾਰੀ ਖਰੀਦੋ-ਫਰੋਖਤ ਵੀ ਕੀਤੀ। ਸੰਗਤਾਂ ਨੂੰ ਪੁਲਿਸ ਵੱਲੋਂ ਦੂਰੋਂ ਟ੍ਰੈਫਿਕ ਕੰਟਰੋਲ ਕਰਨ ਲਈ ਰੋਕੇ ਜਾਣ ਤੇ ਸੰਗਤਾਂ ਨੂੰ ਗੁਰਦੁਆਰੇ ਤੱਕ ਪਹੁੰਚਾਉਣ ਲਈ ਪ੍ਰਬੰਧ ਵੀ ਕੀਤੇ ਗਏ। ਐਤਕਾਂ ਵੀ ਹਰ ਵਰਗ ਦਾ ਅਮਰੀਕਨ ਨਗਰ ਕੀਰਤਨ ਦੀ ਸ਼ੋਭਾ ਦਾ ਸਬੱਬ ਬਣਿਆ।

# ਸਰਕਾਰੀ ਖਜਾਨੇ ਤੋਂ ਦਿੱਤੇ ਗਏ ਮੀਡੀਆ ਨੂੰ 11 ਅਰਬ ਰੁਪਏ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ ਵਿਚ ਮੀਡੀਆ ਤੇ ਪ੍ਰਚਾਰ ਖਰੀਦਣ ਦੇ ਲਈ ਸੌ ਦੋ ਸੌ ਕਰੋੜ ਰੁਪਏ ਨਹੀਂ ਪੂਰੇ 11 ਅਰਬ ਰੁਪਏ ਤੋਂ ਜ਼ਿਆਦਾ ਖਰਚ ਕੀਤੇ।ਮੀਡੀਆ ਨੂੰ ਵਿਕਾਊ ਕਹਿਣ ਵਾਲੇ ਭਾਜਪਾ ਦੇ ਸਮਰਥਕਾਂ ਦੇ ਲਈ ਇਹ ਖਬਰ ਝਟਕਾ ਦੇਣ ਵਾਲੀ ਹੋ ਸਕਦੀ ਹੈ।

ਵੱਖ ਵੱਖ ਵੈਬਸਾਈਟਾਂ ਤੇ ਜਾਰੀ ਇਸ ਰਿਪੋਰਟ ਦੇ ਮੁਤਾਬਕ ਇਹ ਜਾਣਕਾਰੀ ਸਾਹਮਣੇ ਆਈ ਹੈ ਕਿ ਨੋਟਬੰਦੀ ਨੂੰ ਲੈ ਕੇ ਵਿਰੋਧੀ ਧਿਰ ਦੇ ਕਟਹਿਰੇ ਵਿਖ ਖੜ੍ਹੀ ਭਾਜਪਾ ਸਰਕਾਰ ਇਸ ਖੁਲਾਸੇ ਤੋਂ ਬਾਅਦ ਘਿਰ ਸਕਦੀ ਹੈ। ਆਰ. ਟੀ. ਆਈ. ਦੇ ਮੁਤਾਬਕ ਮੋਦੀ ਸਰਕਾਰ ਨੇ ਪਿਛਲੇ ਕਈ ਸਾਲਾਂ ਦੇ ਅੰਦਰ ਆਪਣੇ ਪ੍ਰਚਾਰ ਦੇ ਲਈ 11 ਅਰਬ ਰੁਪਏ ਤੋਂ ਜ਼ਿਆਦਾ ਖਰਚ ਕੀਤੇ ਹਨ।

ਗ੍ਰੇਟਰ ਨੋਇਡਾ ਦੇ ਆਰ. ਟੀ. ਆਈ. ਐਕਟੀਵਿਸਟ ਰਾਮਵੀਰ ਤੰਵਰ ਨੇ 29 ਅਗਸਤ 2016 ਨੂੰ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਤੋਂ ਸੂਚਨਾ ਦੇ ਅਧਿਕਾਰ ਦੇ ਜ਼ਰੀਏ ਪੁੱਛਿਆ ਸੀ ਕਿ ਕੇਂਦਰ ਵਿਚ ਪ੍ਰਧਾਨ ਮੰਤਰੀ ਮੋਦੀ ਨੇ ਸਰਕਾਰ ਬਣਾਉਣ ਤੋਂ ਲੈ ਕੇ ਅਗਸਤ 2016 ਤੱਕ ਇਸ਼ਤਿਹਾਰਾਂ ਤੇ ਕਿੰਨਾ ਸਰਕਾਰੀ ਪੈਸਾ ਖਰਚ ਕੀਤਾ ਹੈ। ਤਿੰਨ ਮਹੀਨੇ ਬਾਅਦ ਜਦੋਂ ਆਰ. ਟੀ. ਆਈ ਦੇ ਜ਼ਰੀਏ ਮਿਲੇ ਇਸ ਜਵਾਬ ਨੂੰ ਦੇਖ ਕੇ ਹੈਰਾਨ ਹਨ। ਇਸ ਵਿਚ ਦੱਸਿਆ ਗਿਆ ਕਿ ਪਿਛਲੇ ਢਾਈ ਸਾਲ ਵਿਚ ਮੋਦੀ ਸਰਕਾਰ ਨੇ ਇਸ਼ਤਿਹਾਰਾਂ ਤੇ 11 ਅਰਬ ਰੁਪਏ ਤੋਂ ਜ਼ਿਆਦਾ ਖਰਚ ਕੀਤੇ ਹਨ।

# ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ. ਬੀ.ਸੀ. ਫੈੱਡਰੇਸ਼ਨ ਵਲੋਂ ਐੱਸ. ਡੀ. ਐੱਮ. ਹੁਸ਼ਿਆਰਪੁਰ ਨੂੰ ਮੰਗ ਪੱਤਰ

**ਹੁਸ਼ਿਆਰਪੁਰ–** ਪੰਜਾਬ ਦੇ ਸੂਬਾ ਚੇਅਰਮੈਨ ਸ. ਜਸਬੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਤਹਿਸੀਲ ਪ੍ਰਧਾਨ ਹੁਸ਼ਿਆਰਪੁਰ ਡਾ. ਜਸਵੰਤ ਰਾਏ ਦੀ ਅਗਵਾਈ ਵਿਚ ਤਹਿਸੀਲ਼ ਹੁਸ਼ਿਆਰਪੁਰ ਦੇ ਆਹੁਦੇਦਾਰਾਂ ਦਾ ਇੱਕ ਵਫਦ ਐੱਸ.ਡੀ.ਐੱਮ. ਸ਼੍ਰੀ ਜਤਿੰਦਰ ਜੋਰਬਲ ਨੂੰ ਭਾਵਪੂਰਤ ਢੰਗ ਨਾਲ ਮਿਲਿਆ ਅਤੇ ਫੈੱਡਰੇਸ਼ਨ ਦੀਆਂ ਸੰਵਿਧਾਨਕ ਮੰਗਾਂ ਸਬੰਧੀ ਮੁਖ ਮੰਤਰੀ ਪੰਜਾਬ ਸ. ਅਮਰਿੰਦਰ ਸਿੰਘ ਦੇ ਨਾਂ ਉਨ੍ਹਾਂ ਨੂੰ ਮੰਗ ਪੱਤਰ ਸੌਂਪਿਆ।ਮੰਗ ਪੱਤਰ ਸੌਂਪਦਿਆਂ ਫੈੱਡਰੇਸ਼ਨ ਦੇ ਆਗੂਆਂ ਨੇ ਕਿਹਾ ਕਿ 10-10-2014 ਦਾ ਗੈਰ ਸੰਵਿਧਾਨਕ ਪੱਤਰ ਰੱਦ ਕੀਤਾ ਜਾਵੇ, 85ਵੀਂ ਸੰਵਿਧਾਨਕ ਸੋਧ 1995 ਤੋਂ ਲਾਗੂ ਕੀਤੀ ਜਾਵੇ, ਅਬਾਦੀ ਅਨੁਸਾਰ ਰਾਖਵਾਂਕਰਨ ਦਿੱਤਾ ਜਾਵੇ, ਬੈਕਲਾਗ ਪੂਰਾ ਕੀਤਾ ਜਾਵੇ, ਨਿੱਜੀ ਖੇਤਰ ਵਿਚ ਰਾਖਵਾਂਕਰਨ ਦਿੱਤਾ ਜਾਵੇ, ਠੇਕੇ ਭਰਤੀ ਐੱਸ.ਐੱਸ. ਏ., ਰਮਸਾ, ਈ.ਜੀ.ਐੱਸ., ਸਿਖਿਆ ਵਲੰਟੀਅਰਜ਼, ਮਿੱਡ. ਡੇ-ਮੀਲ ਵਰਕਰ, ਆਂਗਨਵਾੜੀ ਤੇ ਆਸ਼ਾ ਵਰਕਰਾਂ ਨੂੰ ਪੱਕਾ ਕੀਤਾ ਜਾਵੇ, 22 ਲੱਖ ਸਕੂਲੀ ਵਿਦਿਆਰਥੀਆਂ ਨੂੰ ਵਜ਼ੀਫਾ ਨਿਯਮਤ ਰੂਪ ਵਿਚ ਦਿੱਤਾ ਜਾਵੇ, ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ ਅਤੇ ਬੇ ਘਰਿਆਂ ਨੂੰ ਪੱਕੇ ਮਕਾਨ ਬਣਾ ਕੇ ਦਿੱਤਾ ਜਾਣ।



ਜੇਕਰ ਸਰਕਾਰ ਨੇ ਫੌਰੀ ਤੌਰ ਤੇ ਇਨ੍ਹਾਂ ਹੱਕੀ ਮੰਗਾਂ ਨੂੰ ਨਾ ਗੌਲ਼ਿਆ ਤਾਂ ਆਉਣ ਵਾਲੇ ਸਰਦ ਰੁੱਤ ਸੈਸ਼ਨ ਦੌਰਾਨ ਪੰਜਾਬ ਵਿਧਾਨ ਸਭਾ ਦਾ ਘਿਰਾਓ ਕੀਤਾ ਜਾਵੇਗਾ।ਇਸ ਮੌਕੇ ਤਹਿਸੀਲ ਚੇਅਰਮੈਨ ਪ੍ਰਿੰਸੀ. ਜੈ ਸਿੰਘ ਹੀਰਾ, ਜ਼ਿਲ੍ਹਾ ਪ੍ਰੈੱਸ ਸਕੱਤਰ ਲੈਕ. ਅਮਰਜੀਤ ਸਿੰਘ, ਜਤਿੰਦਰ ਸਿੰਘ ਨਿਆੜਾ, ਸੁਰਜੀਤ ਰਾਜਾ, ਯੋਧਾ ਮੱਲ, ਲਖਵਿੰਦਰ ਰਾਮ, ਗੁਲਜਾਰੀ ਲਾਲ, ਮੋਹਨ ਲਾਲ ਮਰਨਾਈਆਂ, ਲੈਕ. ਬਲਵੀਰ ਚੰਦ, ਗੁਰਵਿੰਦਰ ਸਿੰਘ ਨਿਰਗੁਣ, ਅਮਰਜੀਤ ਸਿੰਘ, ਸ਼ਸ਼ੀ ਕੁਮਾਰ, ਜਸਵਿੰਦਰ ਸਿੰਘ, ਲੈਕ. ਪ੍ਰਭਪ੍ਰੀਤ ਸਿੰਘ, ਨਰੇਸ਼ ਕੁਮਾਰ, ਸੁਰਜੀਤ ਪਾਲ, ਪ੍ਰਿਤਪਾਲ ਸਿੰਘ, ਸੁਰਜੀਤ ਸਿੰਘ ਆਦਿ ਹਾਜ਼ਰ ਸਨ।

**– ਡਾ. ਜਸਵੰਤ ਰਾਏ** (9815825999)

# ਸ.ਸ.ਸ.ਸ. ਨਸਰਾਲਾ 'ਚ ਪੀ. ਐੱਨ. ਬੀ. ਵਲੋਂ ਸਮਾਗਮ

**ਹੁਸ਼ਿਆਰਪੁਰ–** ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਨਸਰਾਲਾ ਵਿਚ ਪੰਜਾਬ ਨੈਸ਼ਨਲ ਬੈਂਕ ਵਲੋਂ ਭ੍ਰਿਸ਼ਟਾਚਾਰ ਵਿਰੋਧੀ ਵਿਸ਼ੇ ਤੇ ਸਮਾਗਮ ਕਰਵਾਇਆ ਗਿਆ।ਸਮਾਗਮ ਦੇ ਸ਼ੁਰੂਆਤ ਵਿਚ ਪ੍ਰਿੰਸੀ. ਸ਼੍ਰੀ ਕਰਨ ਸ਼ਰਮਾ ਨੇ ਬੈਂਕ ਤੋਂ ਆਏ ਹੋਏ ਮਹਿਮਾਨਾਂ ਲਈ ਜੀ ਆਇਆਂ ਸ਼ਬਦ ਆਖੇ।ਸਰਕਲ ਅਫਸਰ ਹੁਸ਼ਿਆਰਪੁਰ ਸ਼੍ਰੀ ਅਰਵਿੰਦ ਸਰੋਚ ਅਤੇ ਸ਼੍ਰੀ ਵਾਸੂਦੇਵਾ ਨਸਰਾਲਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਜਦੋਂ ਅਸੀਂ ਆਪਣਾ ਕੰਮ ਇਮਾਨਦਾਰੀ ਅਤੇ ਲਗਨ ਨਾਲ



ਨਹੀਂ ਕਰਦੇ ਤਾਂ ਇਹ ਵੀ ਇੱਕ ਭ੍ਰਿਸ਼ਟਾਚਾਰ ਹੀ ਹੈ।ਆਪਣੇ ਦੇਸ਼ ਅਤੇ ਮਿੱਟੀ ਦੇ ਇਮਾਨ ਲਈ ਸਾਨੂੰ ਹਮੇਸ਼ਾਂ ਡਟ ਕੇ ਮਿਹਨਤ ਅਤੇ ਨੈਤਿਕ ਮੁਲਾਂ ਦਾ ਪਾਲਣਾ ਕਰਨਾ ਚਾਹੀਦਾ ਹੈ।ਇਸ ਮੌਕੇ ਦਸਵੀਂ ਜਮਾਤ ਵਿਚੋਂ ਅੱਸੀ ਪ੍ਰਤੀਸ਼ਤ ਤੋਂ ਵੱਧ ਅੰਕ ਲੈਣ ਵਾਲੀ ਵਿਦਿਆਰਥਣ ਸਰਬਜੀਤ ਕੌਰ ਨੂੰ ਬੈਂਕ ਵਲੋਂ ਦਸ ਹਜ਼ਾਰ ਰੁਪਏ ਦਾ ਚੈੱਕ ਵੀ ਭੇਟ ਕੀਤਾ ਗਿਆ।ਵਿਦਿਆਰਥੀਆਂ ਦੇ ਕਰਵਾਏ ਕੁਇਜ਼ ਮੁਕਾਬਲੇ ਵਿਚੋਂ ਸਾਹਿਤ ਟੀਮ ਨੇ ਪਹਿਲਾ, ਰਚਨਾ ਅਤੇ ਸੰਵਾਦ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਭ੍ਰਿਸ਼ਟਾਚਾਰ ਵਿਸ਼ੇ ਤੇ ਇੱਕ ਪੋਸਟਰ ਮੁਕਾਬਲਾ ਵੀ ਕਰਵਾਇਆ ਗਿਆ। ਮੁਕਾਬਲੇ ਵਿਚੋਂ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਲੈਕ. ਕੁਲਵਿੰਦਰ ਸਿੰਘ, ਲੈਕ. ਬਲਵੀਰ ਚੰਦ, ਡਾ. ਜਸਵੰਤ ਰਾਏ, ਗੁਰਦਰਸ਼ਨ ਕੌਰ, ਰਵਿੰਦਰ ਕੁਮਾਰ, ਅਨਿਲ ਕੁਮਾਰ, ਸੁਰੇਸ਼ ਕੁਮਾਰ, ਹਰਪ੍ਰੀਤ ਸਿੰਘ, ਰਵਿੰਦਰ ਕੁਮਾਰ, ਰੋਹਿਤ ਰਾਂਗੜਾ, ਕੁਲਦੀਪ ਸਿੰਘ, ਸੰਜੀਵ ਰਤਨ, ਬਲਜੀਤ ਸਿੰਘ ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ** (9815825999)

**'ਦੇਸ਼ ਦੁਆਬਾ'**
**'ਅੰਬੇਦਕਰ ਟਾਈਮਜ਼'**
**ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:**
**www.deshdoaba.com,**
**www.ambedkartimes.com**







# ਭਾਰਤ ਵਿਕਾਸ ਪਰਿਸ਼ਦ ਫਗਵਾੜਾ ਵਲੋਂ ਭਾਰਤ ਕੋ ਜਾਨੋ ਆਯੋਜਿਤ

**ਫਗਵਾੜਾ (ਬੀ.ਕੇ.ਰੱਤੂ)-** ਬੱਚਿਆਂ ਨੂੰ ਆਪਣੀ ਗੌਰਵਸ਼ਾਲੀ ਸੰਸਕ੍ਰਿਤੀ ਪ੍ਰਤੀ ਜਾਣੂ ਕਰਵਾਉਣ ਲਈ ਭਾਰਤ ਵਿਕਾਸ ਪਰਿਸ਼ ਦ ਫਗਵਾੜਾ ਵਲੋਂ ਬਲਾਕ ਪੱਧਰੀ ਅੰਤਰ ਸਕੂਲ "ਭਾਰਤ ਕੋ ਜਾਨੋ" ਪ੍ਰਤੀਯੋਗਿਤਾ ਆਰੀਆ ਆਈ. ਐਮ. ਟੀ. ਪਲਾਹੀ ਰੋਡ ਵਿਖੇ ਆਯੋਜਿਤ ਕੀਤੀ ਗਈ। ਸ਼ਾਖਾ ਪ੍ਰਧਾਨ ਰਵੀ ਮੰਗਲ ਦੀ ਪ੍ਰਧਾਨਗੀ ਹੇਠ ਆਯੋਜਿਤ ਇਸ ਮੁਕਾਬਲੇ ਵਿੱਚ ਸੰਗਠਨ ਦੇ ਪ੍ਰਾਂਤਿਕ ਅਧਿਕਾਰੀ ਵਿਪਨ ਢੀਂਗਰਾ ਅਤੇ ਪ੍ਰਾਂਤ ਦੇ ਸਹਿ ਪ੍ਰੋਜੈਕਟ ਕੋ ਆਰਡੀਨੇਟਰ ਯੋਗੇਸ਼ ਵਰਮਾ ਵਿਸ਼ੇਸ਼ ਰੂਪ ਵਿੱਚ ਪਹੁੰਚੇ। ਆਰੀਆ ਸੰਸਥਾਨਾਂ ਦੇ ਮੈਨੇਜਰ ਸੁਰਿੰਦਰ ਚੋਪੜਾ ਅਤੇ ਟਰਸਟੀ ਮੈਂਬਰ ਰਮੇਸ਼ ਸਚਦੇਵਾ ਵਲੋ ਉਦਘਾਟਿਤ ਇਸ ਪ੍ਰਤੀਯੋਗਿਤਾ ਵਿੱਚ ਫਗਵਾੜਾ ਦੇ 16 ਸਕੂਲਾਂ ਤੋ ਜੂਨੀਅਰ ਅਤੇ ਸੀਨੀਅਰ ਵਰਗ ਨਾਲ ਸਬੰਧਿਤ 58 ਬੱਚਿਆਂ ਦੀ ਇਤਿਹਾਸ, ਭਾਰਤੀ ਸੰਪਰਦਾ, ਨਦੀਆਂ, ਦੇਸ਼ ਭਗਤਾਂ ਅਤੇ ਭੂਗੋਲ ਸਬੰਧੀ ਪ੍ਰਸ਼ਨਾਂ ਰਾਹੀਂ ਬੱਚਿਆਂ ਦਾ ਆਮ ਗਿਆਨ ਦੀ ਜਾਂਚ ਕੀਤੀ ਗਈ। ਲਿਖਿਤ ਪ੍ਰੀਖਿਆ ਤੋਂ ਬਾਦ ਪੰਜ ਸਕੂਲਾਂ ਦੀਆਂ ਟੀਮਾਂ ਦਰਮਿਆਨ ਸੰਚਾਲਕ ਹਰਜਿੰਦਰ ਗੋਗਨਾ ਵਲੋਂ ਕੁਇਜ਼ ਆਯੋਜਿਤ ਕੀਤਾ ਗਿਆ। ਜੂਨੀਅਰ ਅਤੇ ਸੀਨੀਅਰ ਦੋਨਾਂ ਵਰਗਾਂ ਵਿੱਚ ਟੈਗੋਰ ਪਬਲਿਕ ਸਕੂਲ ਦੇ ਬੱਚੇ ਅੱਵਲ ਰਹੇ। ਆਰੀਆ ਮਾਡਲ ਸੀ:ਸੈ: ਸਕੂਲ , ਸਵਾਮੀ ਸੰਤ ਦਾਸ, ਸ੍ਰੀ ਮਹਾਵੀਰ ਜੈਨ ਮਾਡਲ ਹਾਈ ਸਕੂਲ ਮਾਡਲ ਟਾਊਨ ਅਤੇ ਸ੍ਰੀ ਮਹਾਂਵੀਰ ਜੈਨ ਮਾਡਲ ਸਕੂਲ ਹੁਸ਼ਿਆਰਪੁਰ ਰੋਡ ਦੇ ਬੱਚੇ ਉਪ ਜੇਤੂ ਰਹੇ ।ਆਪਣੇ ਸੰਬੋਧਨ ਵਿੱਚ ਸੁਰਿੰਦਰ ਚੋਪੜਾ, ਡਾਇਰੈਕਟਰ ਇੰਦਰਪਾਲ ਸਿੰਘ, ਮਲਕੀਤ ਸਿੰਘ ਰਘਬੋਤਰਾ ਵਲੋਂ ਇਸ ਗਿਆਨ ਵਧਾਊ ਪ੍ਰੋਜੈਕਟ ਦੀ ਸਰਾਹਨਾ ਕੀਤੀ। ਪ੍ਰੋਗਰਾਮ ਦਾ ਸੰਚਾਲਨ ਪ੍ਰੋਜੈਕਟ ਡਾਇਰੈਕਟਰਾਂ ਹਰਜਿੰਦਰ ਗੋਗਨਾ, ਵਿਜੇ ਸੂਦ, ਰਵਿੰਦਰ ਗੁਲਾਟੀ , ਸੂਰਜ ਗਾਬਾ ਵਲੋਂ ਕੀਤਾ। ਆਰੀਆ ਸੰਸਥਾ ਵਲੋਂ ਜੇਤੂ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪਰਿਸ਼ਦ ਵਲੋਂ ਵਿੱਪਨ ਢੀਂਗਰਾ, ਜ਼ਿਲ੍ਹਾ ਕਪੂਰਥਲਾ ਦੇ ਸਕੱਤਰ ਰਮੇਸ਼ ਕੌਸ਼ਲ ਅਤੇ ਸਕੱਤਰ ਰਾਜਨ ਚੋਪੜਾ ਵਲੋਂ ਸੰਸਥਾ ਦਾ ਪ੍ਰਾਹੁਣਚਾਰੀ ਸਹਿਯੋਗ ਲਈ ਧੰਨਵਾਦ ਕੀਤਾ । ਇਸ ਮੌਕੇ ਸ਼ੀਤਲ ਕੋਹਲੀ, ਸਤੀਸ਼ ਬੱਗਾ, ਹਰੀ ਕ੍ਰਿਸ਼ਨ ਦੁੱਗਲ, ਅਜੈ ਕੋਛੜ, ਵਿਸ਼ਾਲ ਟੰਡਨ, ਮਲਕੀਤ ਸਿੰਘ ਗਿੱਲ, ਰਣਬੀਰ ਪਰਮਾਰ, ਸੁਮਨ ਸੈਣੀ, ਸ਼ਾਲਿਮਾ ਵਰਮਾ, ਸ਼ਾਲਿਨੀ, ਸੀਤਾ ਗੋਗਨਾ, ਗੁਲਾਟੀ, ਸੁਦਾਮਾ ਜੋਸ਼ੀ, ਗੁਲਸ਼ਨ ਮਨਚੰਦਾ, ਨਵਨੀਤ ਕੌਸ਼ਲ, ਕੇਵਲ ਸਿੰਘ, ਹੇਮਰਾਜ ਜੋਸ਼ੀ, ਡਾ.ਵਿਜੇ ਸ਼ਰਮਾ ਹਾਜ਼ਰ ਸਨ ।




# ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਕਰ ਰਹੀ ਹੈ ਵਿਸ਼ੇਸ਼ ਉਪਰਾਲੇ - ਤ੍ਰਿਪਤ ਬਾਜਵਾ

**ਬਟਾਲਾ (ਨਰਿੰਦਰ ਬਰਨਾਲ) –** ਪੇਂਡੂ ਵਿਕਾਸ ਅਤੇ ਪੰਚਾਇਤ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੇ ਕੈਬਨਿਟ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਹੈ ਕਿ ਸੂਬਾ ਸਰਕਾਰ ਵੱਲੋਂ ਨੌਜਵਾਨਾਂ 'ਚ ਖੇਡਾਂ ਪ੍ਰਤੀ ਉਤਸ਼ਾਹ ਪੈਦਾ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਖੇਡਾਂ ਦੇ ਵਿਕਾਸ ਲਈ ਸੂਬਾ ਸਰਕਾਰ ਵੱਲੋਂ ਪਟਿਆਲਾ ਵਿਖੇ ਇੱਕ ਖੇਡ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਜਾਵੇਗੀ। ਸ. ਬਾਜਵਾ ਅੱਜ ਬਟਾਲਾ ਨੇੜਲੇ ਪਿੰਡ ਦਿਆਲਗੜ ਵਿਖੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਵੱਲੋਂ ਕਰਵਾਏ ਗਏ ਸਲਾਨਾ 5ਵੇਂ ਫੁੱਟਬਾਲ ਟੂਰਨਾਮੈਂਟ ਦੇ ਅਖੀਰਲੇ ਦਿਨ ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣ ਤੋਂ ਪਹਿਲਾਂ ਭਰਵੇਂ ਇੱਕ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਉਹਨਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਕੂਲ ਪੱਧਰ ਤੋਂ ਹੀ ਖੇਡਾਂ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ ਤਾਂ ਜੋ ਭਵਿੱਖ ਦੇ ਹੁਨਰਮੰਦ ਖਿਡਾਰੀਆਂ ਦੀ ਪਛਾਣ ਕਰਕੇ ਉਹਨਾਂ ਨੂੰ ਲੋੜੀਂਦੀ ਸਿਖਲਾਈ ਦੇ ਕੇ ਅੰਤਰਰਾਸ਼ਟਰੀ ਪੱਧਰ ਦੇ



ਖਿਡਾਰੀ ਤਿਆਰ ਕੀਤੇ ਜਾ ਸਕਣ। ਉਹਨਾਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਖੇਡਾਂ ਨਾਲ ਜੁੜ ਕੇ ਮਿਹਨਤ ਦੇ ਬੱਲ ਤੇ ਪ੍ਰਾਪਤੀਆਂ ਹਾਸਲ ਕਰਕੇ ਆਪਣੇ ਮਪਿਆਂ, ਸੂਬੇ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ।

ਇਸ ਮੌਕੇ ਕੈਬਨਿਟ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਸੂਬਾ ਸਰਕਾਰ ਪਿੰਡਾਂ ਦੇ ਵਿਕਾਸ ਵੱਲ ਵਿਸ਼ੇਸ਼ ਤਵੱਜੋ ਦੇ ਰਹੀ ਹੈ ਅਤੇ ਵਿਕਾਸ ਲਈ ਫੰਡਾਂ ਦੀ ਥੋੜ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਉਹਨਾਂ ਪਿੰਡ ਦਿਆਲਗੜ ਨੂੰ ਵਿਕਾਸ ਕਾਰਜਾਂ ਲਈ 36 ਲੱਖ ਰੁਪਏ ਗ੍ਰਾਂਟ ਦਾ ਚੈਕ ਭੇਟ ਕੀਤਾ ਅਤੇ ਪਿੰਡ ਦੀਆਂ ਰਹਿੰਦੀਆਂ ਮੰਗਾਂ ਸਬੰਧੀ ਵੀ ਜਲਦ ਹੋਰ ਗ੍ਰਾਂਟ ਦੇਣ ਦਾ ਐਲਾਨ ਕੀਤਾ। ਉਹਨਾਂ ਕਿਹਾ ਕਿ ਸਰਕਾਰ ਦੇ ਪੈਸੇ ਨੂੰ ਪੂਰੀ ਇਮਾਨਦਾਰੀ ਨਾਲ ਵਿਕਾਸ ਕਾਰਜਾਂ 'ਤੇ ਖਰਚ ਕੀਤਾ ਜਾਵੇ ਤਾਂ ਜੋ ਲੋਕਾਂ ਕੀਤੇ ਵਿਕਾਸ ਦਾ ਪੂਰਾ ਲਾਭ ਮਿਲ ਸਕੇ। ਇਸ ਮੌਕੇ ਸ. ਬਾਜਵਾ ਨੇ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਦਿਆਲਗੜ ਵਿੱਚ 11ਵੀਂ ਤੇ 12ਵੀਂ ਜਮਾਤਾਂ ਦਾ ਸਾਇੰਸ ਗਰੁੱਪ ਸ਼ੁਰੂ ਕਰਨ ਦੇ ਐਲਾਨ ਵੀ ਕੀਤਾ।

ਇਸ ਤੋਂ ਪਹਿਲਾਂ ਫੁੱਟਬਾਲ ਦੇ ਫਾਈਨਲ ਮੈਚ 'ਚ ਪਿੰਡ ਜੈਤੋਸਰਜਾ ਦੀ ਟੀਮ ਨੇ ਦਿਆਲਗੜ ਦੀ ਟੀਮ ਨੂੰ 1-0 ਨਾਲ ਹਰਾ ਕੇ ਟੂਰਨਾਮੈਂਟ ਜਿੱਤਿਆ। ਕਲੱਬ ਪ੍ਰਧਾਨ ਰਜਿੰਦਰ ਸਿੰਘ ਜਰਮਨੀ ਅਤੇ ਸਲਵਿੰਦਰ ਸਿੰਘ ਬਿੱਟੂ ਰੰਧਾਵਾ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਵੱਲੋਂ ਸਲਾਨਾ ਟੂਰਨਾਮੈਂਟ ਕਰਾਉਣ ਤੋਂ ਇਲਾਵਾ ਪਿੰਡ 'ਚ ਅੱਖਾਂ ਦਾ ਚੈਕਅਪ ਕੈਂਪ ਵੀ ਲਗਾਇਆ ਗਿਆ, ਜਿਸ ਵਿੱਚ 87 ਵਿਅਕਤੀਆਂ ਦੀਆਂ ਅੱਖਾਂ ਦੇ ਲੈਨਜ਼ ਪਾਏ ਗਏ ਅਤੇ 250 ਵਿਅਕਤੀਆਂ ਨੂੰ ਐਨਕਾਂ ਲਗਾਈਆਂ ਗਈਆਂ। ਇਸ ਤੋਂ ਇਲਾਵਾ ਕਲੱਬ ਵੱਲੋਂ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ ਪਿੰਡ ਨੂੰ ਗਰੀਨ ਬਣਾਉਣ ਲਈ 150 ਦੇ ਕਰੀਬ ਪਾਮ ਦੇ ਬੂਟੇ ਲਗਾਏ ਗਏ ਹਨ। ਇਨਾਮ ਵੰਡ ਸਮਾਗਮ ਤੋਂ ਪਹਿਲਾਂ ਸੱਭਿਆਚਾਰਕ ਮੇਲਾ ਵੀ ਕਰਾਇਆ ਗਿਆ ਜਿਸ ਵਿੱਚ ਆਤਮਾ ਬੁੱਢੇਵਾਲ ਅਤੇ ਮਿਸ ਰੋਜ਼ੀ ਦੀ ਗਾਇਕ ਜੋੜੀ ਨੇ ਆਪਣੀ ਗਾਇਕੀ ਨਾਲ ਦਰਸ਼ਕਾਂ ਦਾ ਮੰਨੋਰੰਜਨ ਕੀਤਾ। ਅਖੀਰ ਵਿੱਚ ਕੈਬਨਿਟ ਮੰਤਰੀ ਸ. ਤ੍ਰਿਪਤ ਬਾਜਵਾ ਵੱਲੋਂ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕੀਤੇ ਗਏ।

ਇਸ ਮੌਕੇ ਸਰਬਜੀਤ ਸਿੰਘ ਯੂ.ਕੇ. ਸੁੱਖ ਤੇਜਾ, ਮਨਜੀਤ ਸਿੰਘ ਯੂ.ਐਸ.ਏ, ਕੁਲਵੰਤ ਸਿੰਘ ਗੁਰਾਇਆ, ਤਰਸੇਮ ਸਿੰਘ ਸੰਮਤੀ ਮੈਂਬਰ, ਰਵੇਲ ਸਿੰਘ ਸਾਬਕਾ ਸਰਪੰਚ, ਅਮਨ ਜਰਮਨੀ, ਜ਼ਬਰਜੀਤ ਸਿੰਘ ਜਰਮਨੀ, ਬਾਬਾ ਕਸ਼ਮੀਰ ਸਿੰਘ, ਜਸਪਾਲ ਸਿੰਘ ਗੁਰਾਇਆ, ਲਖਵਿੰਦਰ ਸਿੰਘ ਗੁਰਾਇਆ, ਯਾਦਵਿੰਦਰ ਸਿੰਘ ਭਿੰਡਰ, ਗੁਰਨਾਮ ਸਿੰਘ, ਗੁਰਦੇਵ ਸਿੰਘ, ਸਤਨਾਮ ਸਿੰਘ ਮਾਨਪੁਰੀ, ਗੁਰਪ੍ਰੀਤ ਸਿੰਘ ਸੋਨੂੰ, ਰਵੀ ਸ਼ਰਮਾਂ, ਇਕਬਾਲ ਸਿੰਘ ਔਲਖ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਅਤੇ ਇਲਾਕੇ ਦੇ ਮੋਹਤਬਰ ਵਿਅਕਤ ਹਾਜ਼ਰ ਸਨ।

# ਪੰਜਾਬੀ ਕੁੜੀ ਜੈਸਮਿਨ ਕੌਰ ਦਰੋਚ ਵਕਾਲਤ ਕਰ ਆਕਲੈਂਡ ਜ਼ਿਲ੍ਹਾ ਅਦਾਲਤ 'ਚ ਬਣੀ ਡਿਪਟੀ ਕੋਰਟ ਰਜਿਸਟਰਾਰ

## ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿੱਲ ਵੱਲੋਂ ਕੀਤਾ ਗਿਆ ਸਨਮਾਨ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਜਨਮੀ ਪੰਜਾਬੀ ਪੀੜ੍ਹੀ ਇਥੇ ਦੀ ਉਚ ਪੜ੍ਹਾਈ ਨੂੰ ਪੂਰਾ ਕਰਨ ਸਾਰ ਹੀ ਸਤਿਕਾਰਤ ਸਰਕਾਰੀ ਨੌਕਰੀਆਂ ਕਮਾਈ ਕਾਬਲੀਅਤ ਦੇ ਨਾਲ ਆਪਣੇ ਨਾਂਅ ਕਰ ਜਾਂਦੀਆਂ ਹਨ। ਜੇਕਰ ਇਹ ਸਫਲਤਾ ਪੰਜਾਬੀ ਕੁੜੀਆਂ ਨੂੰ ਪ੍ਰਾਪਤ ਹੋਵੇ ਤਾਂ ਧੀਆਂ ਪ੍ਰਤੀ ਸਾਡਾ ਸਤਿਕਾਰ ਦੁੱਗਣਾ-ਚੌਗੁਣਾ ਹੋ ਜਾਂਦਾ ਹੈ। ਕੁਝ ਸਮਾਂ ਪਹਿਲਾਂ ਇਥੇ ਹੀ ਜਨਮੀ 25 ਸਾਲਾ ਕੀਵੀ ਪੰਜਾਬੀ ਕੁੜੀ ਜੈਸਮਿਨ ਕੌਰ ਦਰੋਚ ਨੇ ਵਕਾਲਤ (ਸਲਿਸਟਰ) ਦੀ ਡਿਗਰੀ ਕਰਨ ਬਾਅਦ ਲਗਦੇ ਹੱਥ ਆਪਣੀ ਕਾਬਲੀਅਤ ਦੇ ਸਹਾਰੇ ਆਕਲੈਂਡ ਜ਼ਿਲ੍ਹਾ ਅਦਾਲਤ ਦੇ ਵਿਚ 'ਡਿਪਟੀ ਕੋਰਟ ਰਜਿਸਟਰਾਰ' ਨਿਯੁਕਤ ਹੋ ਗਈ ਹੈ। ਸ੍ਰੀ ਪੰਥ ਲਾਲ ਦਰੋਚ ਅਤੇ ਸ੍ਰੀਮਤੀ ਦਵਿੰਦਰ ਕੌਰ ਦਰੋਚ ਦੀ ਇਹ ਲਾਡਲੀ ਬੱਚੀ ਬਚਪਨ ਤੋਂ ਹੀ ਵਕੀਲ ਬਨਣ ਦੀ ਚਾਹਵਾਨ ਸੀ।

ਇਸਦੇ ਮਾਪਿਆਂ ਦਾ ਜੱਦੀ ਪਿੰਡ ਭੰਗਲਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਹੈ ਅਤੇ ਇਹ ਪਰਿਵਾਰ ਸੰਨ 1987 ਤੋਂ ਇਥੇ ਹੈ। ਫੈਮਿਲੀ ਕੋਰਟ ਦੇ ਵਿਚ ਇਹ ਕੁੜੀ ਮਾਣਯੋਗ ਜੱਜ ਸਾਹਿਬ ਦੇ ਨਾਲ ਉਸਦੇ ਲਿਖਤੀ ਕਾਰਜਾਂ ਵਿਚ ਮੁੱਖ ਰੋਲ ਅਦਾ ਕਰਦੀ ਹੈ। ਇਥੇ ਜਨਮੀ ਹੋਣ ਦੇ ਬਾਵਜੂਦ ਉਹ ਪੰਜਾਬੀ ਚੰਗੀ ਤਰ੍ਹਾਂ ਸਮਝ ਅਤੇ ਬੋਲ ਲੈਂਦੀ ਹੈ। ਅੱਜ ਇਸ ਕੁੜੀ ਨੂੰ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿੱਲ ਵਿਖੇ ਮੈਨੇਜਮੈਂਟ ਬੀਬੀਆਂ ਵੱਲੋਂ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਪਰਿਵਾਰ ਨੂੰ ਸਾਰੇ ਪਾਸਿਓਂ ਵਧਾਈਆਂ ਮਿਲੀਆਂ। ਸੋ ਇਸ ਤਰ੍ਹਾਂ ਧੀਆਂ ਜਦੋਂ ਆਪਣੇ ਮਾਪਿਆਂ ਦਾ ਨਾਂਅ ਉਚਾ ਕਰਦੀਆਂ ਹਨ ਤਾਂ ਪੂਰੀ ਕਮਿਊਨਿਟੀ ਮਾਣ ਮਹਿਸੂਸ ਕਰਦੀ ਹੈ ਅਤੇ ਫਿਰ ਕਿਉਂ ਨਾ ਹੋਵੇ ਧੀਆਂ ਦਾ ਪੂਰਨ ਸਤਿਕਾਰ।?



# ਗੁਰਮੀਤ ਪਲਾਹੀ, ਕੇਸਰਾ ਰਾਮ, ਦੀਪਤੀ ਬਬੂਟਾ ਨੂੰ ਮਿਲਿਆ ਪ੍ਰਿੰਸੀਪਲ ਸੁਜਾਨ ਸਿੰਘ ਪੁਰਸਕਾਰ

**ਫਗਵਾੜਾ-** ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ (ਰਜਿ:) ਵਲੋਂ ਕੇਂਦਰੀ ਪੰਜਾਬ ਲੇਖਕ ਸਭਾ (ਰਜਿ:) ਦੇ ਸਹਿਯੋਗ ਨਾਲ ਕਰਵਾਏ ਗਏ ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਨਮਾਨ ਸਮਾਰੋਹ-2017, ਸਮੇਂ ਰਾਮ ਸਿੰਘ ਦੱਤ ਦੇਸ਼ ਭਗਤ ਯਾਦਗਾਰ ਭਵਨ ਵਿਖੇ ਪ੍ਰਸਿੱਧ ਕਾਲਮ ਨਵੀਸ ਗੁਰਮੀਤ ਪਲਾਹੀ, ਪ੍ਰਸਿੱਧ ਕਹਾਣੀਕਾਰ ਕੇਸਰਾ ਰਾਮ ਅਤੇ ਕਹਾਣੀਕਾਰ ਦੀਪਤੀ ਬਬੂਟਾ ਦਾ ਸਨਮਾਨ ਕੀਤਾ ਗਿਆ। ਕੇਸਰਾ ਰਾਮ ਨੂੰ ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਨਮਾਨ, ਗੁਰਮੀਤ ਪਲਾਹੀ ਨੂੰ ਡਾ: ਨਿਰਮਲ ਸਿੰਘ ਆਜ਼ਾਦ ਯਾਦਗਾਰੀ ਸਨਮਾਨ, ਅਤੇ ਦੀਪਤੀ ਬਬੂਟਾ ਨੂੰ ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਉਤਸ਼ਾਹ ਵਰਧਕ ਸਨਮਾਨ ਦੇਣ ਦਿੰਦਿਆਂ ਸ਼ਾਲ, ਮੰਮੈਂਟੋ ਅਤੇ ਨਕਦ ਰਾਸ਼ੀ ਨਾਲ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵਲੋਂ ਨਿਵਾਜਿਆ ਗਿਆ। ਇਸ ਸਮਾਗਮ ਵਿੱਚ ਖਿੱਤੇ ਦੇ ਵੱਡੀ ਗਿਣਤੀ 'ਚ ਲੇਖਕ, ਪਾਠਕ ਇਕੱਤਰ ਹੋਏ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਡਾ: ਸਰਬਜੀਤ ਸਿੰਘ, ਡਾ: ਕਰਮਜੀਤ ਸਿੰਘ, ਡਾ: ਪਰਮਿੰਦਰ ਸਿੰਘ ਸ਼ਾਮਲ ਸਨ। ਇਸ ਸਮੇਂ ਕਰਵਾਈ ਗਈ ਵਿਚਾਰ ਚਰਚਾ, " ਭਾਸ਼ਾ, ਸਮਾਂ ਤੇ ਸੰਵਾਦ" ਵਿਸ਼ੇ ਉਤੇ ਭਰਪੂਰ ਚਰਚਾ ਹੋਈ, ਜਿਸ ਵਿੱਚ ਸੁਸ਼ੀਲ ਦੁਸਾਂਝ, ਮੱਖਣ ਕੁਹਾੜ, ਆਦਿ ਨੇ ਹਿੱਸਾ ਲਿਆ।



# ਸੜਕਾਂ ਲਈ ਸਰਕਾਰ ਫੰਡ ਮਹੁੱਈਆਂ ਨਹੀ ਕਰਵਾ ਰਹੀ : ਜੇ.ਈ ਸੁਖਦੇਵ ਸਿੰਘ

## ਘੱਲ ਕਲਾਂ ਵਿਖੇ ਸੜਕਾ ਦੀ ਹਾਲਤ ਖਸਤਾ ਪਿੰਡ ਵਾਸੀ ਪਰੇਸ਼ਾਨ

**ਘੱਲ ਕਲਾਂ (ਬਲਰਾਜ ਸਿੰਘ ਘੱਲ ਕਲਾਂ)-** ਖੋਸਾ ਪਾਡੋਂ ਤੋਂ ਵਾਇਆ ਰੱਤੀਆਂ ਘੱਲ ਕਲਾਂ, ਬੁੱਕਣਵਾਲਾ, ਸਿੰਘਾਵਾਲਾ ਜੋ ਸੜਕ ਪਿਛਲੀ ਸਰਕਾਰ ਵੇਲੇ ਬਣਨੀ ਸ਼ੁਰੂ ਹੋਈ ਸੀ, ਉਸ ਦਾ ਕੰਮ ਅੱਜ ਤੱਕ ਮੁਕੰਮਲ ਨਹੀ ਹੋ ਸਕਿਆ ਅਤੇ ਅੱਧ ਵਿਚਕਾਰ ਲਟਕ ਰਿਹਾ ਹੈ, ਉਨਾਂ ਦੱਸਿਆ ਕਿ ਸੜਕਾਂ ਅਤੇ ਗਲੀਆਂ ਦੀ ਹਾਲਤ ਇੰਨੀ ਖਰਾਬ ਹੈ ਕਿ ਰਾਹਗੀਰਾਂ ਦਾ ਇੱਥੋਂ ਲੰਘਣਾਂ ਬਹੁਤ ਮੁਸ਼ਿਕਲ ਹੋ ਜਾਂਦਾ ਹੈ ਅਤੇ ਬਰਸਾਤਾਂ ਵਾਲੇ ਦਿਨਾਂ ਵਿਚ ਤਾਂ ਉਨਾਂ ਨੂੰ ਭਾਰੀ ਮੁਸ਼ਿਕਲਾ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨਾਂ ਕਿਹਾ ਕਿ ਸੜਕ ਤੇ ਜਗ੍ਹਾ-ਜਗ੍ਹਾ ਤੇ ਪਏ ਟੋਏ ਵੀ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ, ਉਨਾਂ ਦੱਸਿਆ ਕਿ ਜਦੋਂ ਇਸ ਰੋਡ ਤੋਂ ਵਹੀਕਲ ਗੁਜ਼ਰਦੇ ਹਨ ਤਾਂ ਐਨੀ ਕੁ ਧੂੜ ਉਡਦੀ ਹੈ ਕਿ ਦੋ ਪਹੀਆਂ ਵਾਹਨਾਂ ਵਾਲਿਆਂ ਨੂੰ ਕੁਝ ਨਜ਼ਰ ਨਹੀ ਆਉਂਦਾ ।ਉਨਾਂ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਪਿੰਡ ਵਾਸੀਆਂ ਨੂੰ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਦਾ ਜਲਦ ਹੀ ਹੱਲ ਕੀਤਾ ਜਾਵੇ ਤਾਂ ਜੋ ਉਨਾਂ ਨੂੰ ਇਨਾਂ ਸਮੱਸਿਆਵਾਂ ਤੋਂ ਨਿਜਾਤ ਮਿਲ ਸਕੇ । ਇਸ ਸਬੰਧੀ ਜੇ.ਈ ਸੁਖਦੇਵ ਸਿੰਘ ਨੇ ਦੱਸਿਆ ਕਿ ਸੜਕਾਂ ਬਣਾਉਣ ਲਈ ਸਰਕਾਰ ਠੇਕੇਦਾਰਾਂ ਨੂੰ ਫੰਡ ਮੁਹੱਈਆਂ ਨਹੀਂ ਕਰਵਾ ਰਹੀ, ਜਿਸ ਕਰਕੇ ਇਸ ਕੰਮ ਵਿੱਚ ਰੁਕਾਵਟ ਆ ਰਹੀ ਹੈ, ਉਨਾਂ ਕਿਹਾ ਕਿ ਜਿਸ ਦਿਨ ਸਰਕਾਰ ਵਲੋਂ ਉਨਾਂ ਨੂੰ ਫੰਡ ਮੁਹੱਈਆਂ ਕਰਵਾ ਦਿੱਤਾ ਉਸ ਦਿਨ ਸੜਕ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਮੌਕੇ ਸਰਪੰਚ ਸੁਖਜੀਤ ਕੌਰ ਤੇ ਅਤੇ ਅਕਾਲੀ ਆਗੂ ਬਲਜੀਤ ਸਿੰਘ ਗਿੱਲ ਨੇ ਕਿਹਾ ਕਿ ਉਹ ਇਨਾਂ ਸਮੱਸਿਆਵਾਂ ਨੂੰ ਹੱਲ ਕਰਨ ਸਬੰਧੀ ਸਬੰਧਤ ਅਫਸਰਾਂ ਨੂੰ ਕਈ ਵਾਰ ਮਿਲ ਚੁੱਕੇ ਹਨ ਪਰ ਉਨਾਂ ਨੇ ਸਾਨੂੰ ਲਾਰੇ ਹੀ ਲਾਏ ਹਨ। ਉਨਾਂ ਕਿਹਾ ਕਿ ਇਨਾਂ ਸਮੱਸਿਆਵਾਂ ਦਾ ਹੱਲ ਜਲਦ ਹੀ ਜ਼ਿਲਾ ਪ੍ਰਸ਼ਾਸ਼ਨ ਦੇ ਧਿਆਨ ਵਿਚ ਲਿਆ ਕੇ ਕਰਵਾ ਦਿੱਤਾ ਜਾਵੇਗਾ।



# ਡਰੋਲੀ ਭਾਈ ਵਿਖੇ ਗੁਰਪੁਰਬ ਨੂੰ ਸਮਰਪਿਤ ਨਗਰ ਕੀਰਤਨ ਦਾ ਆਯੋਜਨ

**ਘੱਲ ਕਲਾਂ (ਬਲਰਾਜ ਸਿੰਘ ਘੱਲ ਕਲਾਂ)-** ਇਤਿਹਾਸਕ ਪਿੰਡ ਡਰੋਲੀ ਭਾਈ ਵਿਖੇ ਸਥਾਨਕ ਗੁਰਦੁਆਰਾ ਕਮੇਟੀ ਵੱਲੋਂ ਨਗਰ ਨਿਵਾਸੀਆਂ ਦੀ ਸਹਿਯੋਗ ਨਾਲ ਗੁਰਦੁਆਰਾ ਬਾਬਾ ਗੁਰਦਿੱਤਾ ਸਾਹਿਬ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਛਤਰ ਛਾਇਆ ਹੇਠ ਪੰਜਾਂ ਪਿਆਰੀਆਂ ਦੀ ਅਗਵਾਈ ਹੇਠ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਏ ਗਏ। ਅਰਦਾਸ ਉਪਰੰਤ ਨਗਰ ਕੀਰਤਨ ਗੁਰਦੁਆਰਾ ਬਾਬਾ ਗੁਰਦਿੱਤਾ ਸਾਹਿਬ ਜੀ ਤੋਂ ਰਵਾਨਾ ਹੋ ਕੇ ਵੱਖ-ਵੱਖ ਪੜ੍ਹਾਵਾਂ ਵਿੱਚੋਂ ਗੁਜ਼ਰਦਾ ਹੋਇਆ ਆਪਣੇ ਨਿੱਜੀ ਸਥਾਨ ਤੇ ਪਹੁੰਚਿਆ ਹਰ ਪੜਾਅ ਤੇ ਸੰਗਤਾਂ ਲਈ ਵੱਖ-ਵੱਖ ਪਕਵਾਨਾਂ ਦੇ ਲੰਗਰ ਸਜਾਏ ਗਏ। ਇਸ ਮੌਕੇ ਨਿਰਮਲ ਸਿੰਘ ਨੂਰ ਦੇ ਢਾਡੀ ਜਥੇ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਅਤੇ ਫਲਸਫੇ ਸਬੰਧੀ ਵਾਰਾ ਪੇਸ਼ ਕਰਕੇ ਸੰਗਤਾਂ ਵਿੱਚ ਜੋਸ਼ਭਰ ਦਿੱਤਾ। ਇਸ ਮੌਕੇ ਜਥੇਦਾਰ ਬਾਬਾ ਨਿਹਾਲ ਸਿੰਘ ਦਿੱਲੀ ਵਾਲੇ, ਸਰਪੰਚ ਨਾਹਰ ਸਿੰਘ, ਜਸਪਾਲ ਸਿੰਘ ਸੰਘਾ, ਗੁਰਦੇਵ ਸਿੰਘ, ਸਤਵੀਰ ਸਿੰਘ, ਗਗਨ ਸਿੰਘ ਸੰਘਾਂ, ਗੁਰਦੇਵ ਸਿੰਘ ਸੈਕਟਰੀ, ਗੁਰਲਾਬ ਸਿੰਘ, ਪਰਮਜੀਤ ਸਿੰਘ, ਸੁਖਮੰਦਰ ਸਿੰਘ, ਅਤੇ ਸੰਗਤਾਂ ਵੱਡੀ ਗਿਣਤੀ ਚ' ਹਾਜ਼ਰ ਸਨ।



**ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ, ਗੁਰਤਾ ਗੱਦੀ ਦਿਵਸ ਅਤੇ ਮਹਾਨ ਨਗਰ ਕੀਰਤਨ ਮਨਾਏ ਜਾਣ ਦੀਆਂ ਸਿੱਖ ਸੇਵਾ ਸੁਸਾਇਟੀ (ਮੋਡੈਸਟੋ ਅਤੇ ਸੀਰਸ, ਕੈਲੇਫੋਰਨੀਆ) ਵੱਲੋਂ ਲੱਖ-ਲੱਖ ਵਧਾਈਆਂ। ਤਸਵੀਰਾਂ ਵਿਚ ਸਿੱਖ ਸੇਵਾ ਸੁਸਾਇਟੀ ਦੇ ਮੈਂਬਰ ਯੂਬਾ ਸਿਟੀ ਦੇ 38ਵੇਂ ਨਗਰ ਕੀਰਤਨ ਸਮੇਂ ਸੇਵਾ ਕਰਦੇ ਹੋਏ।**



























**Sikh Sewa Society of Modesto & Ceres, California**

**ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ, ਗੁਰਤਾ ਗੱਦੀ ਦਿਵਸ ਅਤੇ ਮਹਾਨ ਨਗਰ ਕੀਰਤਨ ਮਨਾਏ ਜਾਣ ਦੀਆਂ ਡਾ ਕੁਲਵਿੰਦਰ ਸਿੰਘ ਲਾਲੀ ਅਤੇ ਸੰਗਤਾਂ ਵੱਲੋਂ ਲੱਖ-ਲੱਖ ਵਧਾਈਆਂ। ਤਸਵੀਰਾਂ ਵਿਚ ਡਾ ਕੁਲਵਿੰਦਰ ਸਿੰਘ ਲਾਲੀ ਅਤੇ ਹੋਰ ਸੇਵਕ-ਮੈਂਬਰ ਯੂਬਾ ਸਿਟੀ ਦੇ 38ਵੇਂ ਨਗਰ ਕੀਰਤਨ ਦਰਮਿਆਨ ਗੰਨੇ ਦੇ ਰਸ ਦੀ ਸੇਵਾ ਕਰਦੇ ਹੋਏ**





















# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ, ਗੁਰਤਾ ਗੱਦੀ ਦਿਵਸ ਅਤੇ ਮਹਾਨ ਨਗਰ ਕੀਰਤਨ ਮਨਾਏ ਜਾਣ ਦੀਆਂ ਬੋਪਾਰਾਏ ਬ੍ਰਦਰਜ਼ ਅਤੇ ਸਮੂਹ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ








ਮਰਫੀ ਬਿਜਨੈਸ ਐਂਡ ਫਾਈਨੈਂਸ਼ਲ ਤੇ ਵੈਨਕੋ ਟਰੱਕ ਦੇ ਮਾਲਕ ਬੋਪਾਰਾਏ ਬ੍ਰਦਰਜ਼
ਜਸਵਿੰਦਰ ਸਿੰਘ ਬੋਪਾਰਾਏ , ਗੁਰਦੇਵ ਸਿੰਘ ਬੋਪਾਰਾਏ, ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਾਰਾਏ

# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ, ਗੁਰਤਾ ਗੱਦੀ ਦਿਵਸ ਅਤੇ ਮਹਾਨ ਨਗਰ ਕੀਰਤਨ ਮਨਾਏ ਜਾਣ ਦੀਆਂ ਸ ਬਲਬੀਰ ਸਿੰਘ ਬੈਂਸ ਅਤੇ ਸਮੂਹ ਬੈਂਸ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ













ਸ. ਬਲਬੀਰ ਸਿੰਘ ਬੈਂਸ ਸਪੁੱਤਰ ਸਵਰਗੀ ਸ. ਪ੍ਰਕਾਸ਼ ਸਿੰਘ ਬੈਂਸ ਆਪਣੇ ਪਰਿਵਾਰਕ ਮੈਂਬਰਾਂ ਨਾਲ ਯੂਬਾ ਸਿਟੀ ਦੇ 38ਵੇਂ ਵਿਸ਼ਾਲ ਨਗਰ ਕੀਰਤਨ ਮੌਕੇ

## ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ, ਗੁਰਤਾ ਗੱਦੀ ਦਿਵਸ ਅਤੇ ਮਹਾਨ ਨਗਰ ਕੀਰਤਨ ਮਨਾਏ ਜਾਣ ਦੀਆਂ ਸ. ਤੀਰਥ ਸਿੰਘ ਸੋਹਲ ਅਤੇ ਸੋਹਲ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ। ਤਸਵੀਰਾਂ ਵਿਚ ਸ. ਤੀਰਥ ਸਿੰਘ ਸੋਹਲ ਅਤੇ ਹੋਰ ਮੈਂਬਰ ਯੁਬਾ ਸਿਟੀ ਦੇ 38ਵੇਂ ਨਗਰ ਕੀਰਤਨ ਸਮੇਂ ਸੇਵਾ ਕਰਦੇ ਹੋਏ


























AAA Truck Wash, Tire and Lube 3525 Highway 99, West Corning, CA-96021

# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ, ਗੁਰਤਾ ਗੱਦੀ ਦਿਵਸ ਅਤੇ ਮਹਾਨ ਨਗਰ ਕੀਰਤਨ ਮਨਾਏ ਜਾਣ ਦੀਆਂ ਸ. ਸਤਨਾਮ ਸਿੰਘ ਨੰਗਲ ਕਲਾਂ ਵੱਲੋਂ ਲੱਖ-ਲੱਖ ਵਧਾਈਆਂ। ਤਸਵੀਰਾਂ ਵਿਚ ਸ. ਸਤਨਾਮ ਸਿੰਘ ਨੰਗਲ ਕਲਾਂ ਅਤੇ ਹੋਰ ਮੈਂਬਰ ਯੂਬਾ ਸਿਟੀ ਦੇ 38ਵੇਂ ਨਗਰ ਕੀਰਤਨ ਸਮੇਂ ਸੇਵਾ ਕਰਦੇ ਹੋਏ























# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ, ਗੁਰਤਾ ਗੱਦੀ ਦਿਵਸ ਅਤੇ ਮਹਾਨ ਨਗਰ ਕੀਰਤਨ ਮਨਾਏ ਜਾਣ ਦੀਆਂ ਗੁਰਦੁਆਰਾ ਅੰਮ੍ਰਿਤ ਦਰਬਾਰ ਸਾਹਿਬ ਰੋਜ਼ਵਿਲ 1052 ਮੈਲੋਡੀ ਲੇਨ ਰੋਜ਼ਵਿਲ ਕੈਲੇਫੋਰਨੀਆ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਅਤੇ ਪ੍ਰਬੰਧਕਾਂ ਨੂੰ ਲੱਖ-ਲੱਖ ਵਧਾਈਆਂ





P. S. Kahlon, M.S. Bath, A.S. Bath, R.S. Saini, S. Thath, C.S. Virk



Kenny Virk & Kulwant Atwal



K. S. Atwal, P. S. Kahlon, M.S. Bath, R.S. Saini, A.S. Bath, Kenny Virk, S. Thath, C.S. Virk, D. S. Mundi-G. S. Basra-H. S. Sheikhon



# ਰੱਬੀ ਸ਼ਕਤੀ ਅਤੇ ਸੰਵਿਧਾਨਕ ਸ਼ਕਤੀ



ਦਰਸ਼ਨ ਸਿੰਘ ਬਾਜਵਾ
(91-98783-83053)

ਆਦਿ ਕਾਲ ਤੋਂ ਮਾਨਵ ਕਿਸੇ ਅਦਿੱਖ ਜਾਂ ਰੱਬੀ ਸ਼ਕਤੀ 'ਤੇ ਭਰੋਸਾ ਕਰਦਾ ਆਇਆ ਹੈ। ਅਚਨਚੇਤ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਜਾਣਕਾਰੀ ਨਾ ਹੋਣ ਕਾਰਨ ਮਨੁੱਖ ਇਹਨਾਂ ਪਿੱਛੇ ਗ਼ੈਬੀ ਸ਼ਕਤੀ ਦੀ ਹੋਂਦ ਮੰਨ ਕੇ ਉਸ ਗ਼ੈਬੀ ਸ਼ਕਤੀ ਨੂੰ ਖ਼ੁਸ਼ ਕਰਨ ਲਈ ਓਹੜ-ਪੋਹੜ ਕਰਦਾ ਰਿਹਾ ਹੈ। ਇਸੇ ਡਰ ਕਾਰਨ ਹਰ ਜਗ੍ਹਾ ਧਾਰਮਿਕ ਸਥਾਨ ਉੱਸਰ ਗਏ। ਧਾਰਮਿਕ ਪੁਜਾਰੀਆਂ ਦੇ ਆਸਰੇ ਚਲਾਕ ਲੋਕਾਂ ਨੇ ਰਾਜ ਕਾਇਮ ਕੀਤੇ। ਸੱਤਾਧਾਰੀਆਂ ਨੇ ਪੁਜਾਰੀਆਂ ਨੂੰ ਆਪਣੇ ਪੱਖ ਵਿੱਚ ਵਰਤਿਆ ਅਤੇ ਦੋਵਾਂ ਧਿਰਾਂ ਨੇ ਐਸ਼ੋ-ਆਰਾਮ ਦੇ ਸਾਧਨ ਜੁਟਾਏ। ਇਹਨਾਂ ਪੁਜਾਰੀਆਂ ਨੇ ਰਾਜਸ਼ਾਹੀ ਦੀ ਹਮਾਇਤ ਵਿੱਚ ਫਤਵੇ ਜਾਰੀ ਕੀਤੇ ਅਤੇ ਰਾਜਿਆਂ ਦੇ ਬਣਾਏ ਵਿਧਾਨ ਨੂੰ ਰੱਬੀ ਵਿਧਾਨ ਕਿਹਾ। ਭਾਰਤ ਵਿੱਚ ਇਸ ਵਿਧੀ ਵਿਧਾਨ ਨੂੰ ਅਸੀਂ ਵਿਧ ਮਾਤਾ ਜਾਂ ਵਿਹੁ ਮਾਤਾ ਕਹਿ ਕੇ ਸੰਬੋਧਨ ਕਰਦੇ ਆਏ ਹਾਂ। ਅਸਲ ਵਿੱਚ ਇਹ 'ਵਿਧ' ਇੱਕ ਵਿਧਾਨ ਸੀ ਜਿਸ ਨੂੰ ਲਿਖਿਆ ਤਾਂ ਬ੍ਰਾਹਮਣ ਨੇ ਪਰ ਨਾਂਅ ਵਰਤਿਆ 'ਮਾਤਾ' ਦਾ। ਲੋਕਾਂ ਦੀ ਮਾੜੀ ਦਸ਼ਾ ਬਾਰੇ ਪੁਜਾਰੀਆਂ ਨੇ ਕਿਹਾ ਕਿ ਇਹ ਰੱਬ ਦੀ ਜਾਂ ਵਿਧ ਮਾਤਾ ਦੀ ਮਰਜ਼ੀ ਹੈ। ਵਿਚਾਰੇ ਬੇਸਮਝ ਲੋਕ ਵਿਧਾਨ ਨੂੰ ਬਦਲਣ ਲਈ ਰੱਬੀ ਸ਼ਕਤੀ ਨੂੰ ਮੰਨ ਕੇ ਪੂਜਾ ਕਰਨ ਵਿੱਚ ਹੀ ਲੱਗੇ ਰਹੇ। ਅੱਜ ਵਿਗਿਆਨ ਨੇ ਕਾਫ਼ੀ ਉਲਝਣਾਂ ਨੂੰ ਸੁਲਝਾ ਲਿਆ ਹੈ ਤਾਂ ਰੱਬੀ ਸ਼ਕਤੀ ਦਾ ਡਰ ਕਾਫ਼ੀ ਹੱਦ ਤੱਕ ਘਟਿਆ ਹੈ। ਯੂਰਪੀ ਦੇਸ਼ਾਂ ਵਿੱਚ ਕਿਸੇ ਸਮੇਂ ਹਰ ਗਲੀ ਮੋੜ 'ਤੇ ਚਰਚ ਹੋਇਆ ਕਰਦੇ ਸਨ ਪਰ ਅੱਜ ਜਦੋਂ ਲੋਕ ਵਿਗਿਆਨ ਦੇ ਧਾਰਨੀ ਹੋ ਰਹੇ ਹਨ ਤਾਂ ਬਹੁਤੇ ਚਰਚਾਂ ਨੂੰ ਬੰਦ ਕਰ ਦਿੱਤਾ ਗਿਆ ਹੈ ਕਿਉਂਕਿ ਉਹਨਾਂ ਵਿੱਚ ਕੋਈ ਜਾਂਦਾ ਹੀ ਨਹੀਂ ਸੀ। ਇਸ ਕਰਕੇ ਪ੍ਰਬੰਧਕਾਂ ਵਾਸਤੇ ਉਹਨਾਂ ਦੇ ਰੱਖ-ਰਖਾਅ ਲਈ ਖਰਚਾ ਕੱਢਣਾ ਮੁਸ਼ਕਲ ਹੋ ਗਿਆ ਸੀ। ਕਮਿਊਨਿਸਟ ਦੇਸ਼ਾਂ ਵਿੱਚ ਜ਼ਬਰਦਸਤੀ ਧਾਰਮਿਕ ਸਥਾਨ ਬੰਦ ਕੀਤੇ ਗਏ। ਪਰ ਜਿਉਂ ਹੀ ਕਮਿਊਨਿਸਟਾਂ ਦਾ ਜ਼ੋਰ ਘਟਿਆ ਤਾਂ ਉਹ ਧਾਰਮਿਕ ਸਥਾਨ ਫਿਰ ਕਾਇਮ ਹੋਣੇ ਸ਼ੁਰੂ ਹੋ ਗਏ ਹਨ। ਸਾਡੇ ਦੇਸ਼ ਵਿੱਚ ਧਾਰਮਿਕ ਕਰਮ-ਕਾਂਡਾਂ ਜਾਂ ਪੂਜਾ-ਪਾਠ ਦਾ ਜ਼ੋਰ ਬੁੱਧ ਕਾਲ ਤੋਂ ਬਿਨਾਂ ਕਦੇ ਵੀ ਘਟਿਆ ਨਹੀਂ ਅਤੇ ਰੱਬੀ ਸ਼ਕਤੀ ਦਾ ਅਹਿਸਾਸ ਬਹੁਤੇ ਮਨਾਂ ਵਿੱਚ ਅਜੇ ਵੀ ਉਵੇਂ ਹੀ ਕਾਇਮ ਹੈ। ਇਸ ਦਾ ਕਾਰਨ ਹੈ ਕਿ ਇੱਥੇ ਧਰਮ ਦਾ ਪ੍ਰਚਾਰ ਕਰਨ ਵਾਲਾ ਬ੍ਰਾਹਮਣ ਵਰਗ ਹੈ ਜਿਸ ਨੇ ਵੇਦਾਂ ਸ਼ਾਸਤਰਾਂ ਦੇ ਸਹਾਰੇ ਲੋਕਾਂ 'ਤੇ ਇੱਕ ਐਸਾ ਜਾਲ ਵਿਛਾਇਆ ਹੋਇਆ ਹੈ ਜਿਸ ਵਿੱਚੋਂ ਛੇਤੀ ਕੀਤੇ ਕੋਈ ਬਾਹਰ ਨਹੀਂ ਆ ਸਕਦਾ। ਇਹਨਾਂ ਹਿੰਦੂ ਸ਼ਾਸਤਰਾਂ ਨੇ ਵਰਣ ਵਿਵਸਥਾ ਅਤੇ ਜਾਤੀ ਵਿਵਸਥਾ ਰਾਹੀਂ ਮਨੁੱਖਾਂ ਨੂੰ ਇੱਕ-ਦੂਜੇ ਤੋਂ ਉੱਪਰ ਥੱਲੇ ਕਰਕੇ ਉੱਚਾ-ਨੀਵਾਂ ਬਣਾ ਦਿੱਤਾ ਹੈ। ਬਾਬਾ ਸਾਹਿਬ ਨੇ ਦਿੱਲੀ ਵਿਖੇ ਬੁੱਧ ਜੈਅੰਤੀ ਸਮਾਰੋਹ ਵਿੱਚ ਕਿਹਾ ਸੀ, "ਸਾਰੀਆਂ ਬੁਰਾਈਆਂ ਜਿਵੇਂ ਹਿੰਸਾ, ਦੁਰਾਚਾਰ ਅਤੇ ਸਰਕਾਰੀ ਦਫਤਰਾਂ ਵਿੱਚ ਭ੍ਰਿਸ਼ਟਾਚਾਰ, ਹਿੰਦੂ ਧਰਮ ਦੇ ਕਾਰਨ ਹੈ।'' (ਡਾ. ਅੰਬੇਡਕਰ ਜੀਵਨ ਮਿਸ਼ਨ, ਸਫ਼ਾ 277)

ਕਮਿਊਨਿਸਟਾਂ ਤੋਂ ਆਸ ਸੀ ਕਿ ਉਹ ਇਸ ਪ੍ਰਬੰਧ ਨੂੰ ਤੋੜਨਗੇ ਪਰ ਉਹਨਾਂ ਦੀ ਲੀਡਰਸ਼ਿਪ 'ਤੇ ਉਹੀ ਲੋਕ ਕਾਬਜ਼ ਸਨ ਜਿਹੜੇ ਇਸ ਪ੍ਰਬੰਧ ਨੂੰ ਜਿਉਂ ਦਾ ਤਿਉਂ ਬਣਾਈ ਰੱਖਣਾ ਚਾਹੁੰਦੇ ਸਨ। ਉਹ ਜਾਤ-ਪਾਤ ਨੂੰ ਤਾਂ ਬੁਰਾ ਕਹਿੰਦੇ ਰਹੇ ਪਰ ਵਰਣ ਪ੍ਰਬੰਧ ਦੇ ਜਨਕ ਧਾਰਮਿਕ ਗ੍ਰੰਥਾਂ ਬਾਰੇ ਉਹਨਾਂ ਨੇ ਕੋਈ ਟਿੱਪਣੀ ਨਾ ਕੀਤੀ। ਸਗੋਂ ਉਹਨਾਂ ਦੇ ਕਈ ਨੇਤਾ ਹਿੰਦੂ ਧਰਮ ਵਿੱਚ ਆਸਥਾ ਰੱਖਦੇ ਰਹੇ। ਇਸ ਬਾਰੇ ਗੱਲ ਕਰਦਿਆਂ ਬਾਬਾ ਸਾਹਿਬ ਡਾ: ਅੰਬੇਡਕਰ ਕਹਿੰਦੇ ਹਨ ਕਿ "ਭਾਰਤੀ ਕਮਿਊਨਿਸਟ ਨੇਤਾ ਆਰਥਿਕ ਕ੍ਰਾਂਤੀ ਨੂੰ ਜਨਮ ਸਿੱਧ ਅਧਿਕਾਰ ਮੰਨਦਾ ਹੈ, ਪ੍ਰੰਤੂ ਵਰਣ ਵਿਵਸਥਾ, ਜਾਤਪਾਤ, ਉਚ-ਨੀਚ ਇਸ ਦੇਸ਼ ਦੇ ਹਰ ਬੰਦੇ ਅੰਦਰ ਭਰੀ ਪਈ ਹੈ। ਜਦੋਂ ਕਮਿਊਨਿਸਟਾਂ ਨੂੰ ਕਿਹਾ ਜਾਂਦਾ ਹੈ ਤਾਂ ਉਹ ਤਿਲਕ ਦੀ ਭਾਸ਼ਾ ਬੋਲਦੇ ਹਨ ਕਿ ਇਹ ਤਾਂ ਸਾਡਾ ਘਰੇਲੂ ਮਾਮਲਾ ਹੈ ਤੇ ਆਰਥਿਕ ਕ੍ਰਾਂਤੀ ਦੇ ਪਿੱਛੋਂ ਹੀ ਇਹ ਭੇਦ ਮਿਟ ਜਾਵੇਗਾ।''

ਬਾਬਾ ਸਾਹਿਬ ਅੰਬੇਡਕਰ ਦਾ ਵਿਚਾਰ ਹੈ ਕਿ 'ਜੇ ਤੁਸੀਂ ਜਾਤੀ ਵਿਵਸਥਾ ਨੂੰ ਸਮਾਪਤ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਵੇਦਾਂ ਤੇ ਸ਼ਾਸਤਰਾਂ ਨੂੰ ਬਰੂਦ ਨਾਲ ਉਡਾਉਣਾ ਹੋਵੇਗਾ, ਕਿਉਂਕਿ ਇਹ ਤਰਕ ਅਤੇ ਨੈਤਿਕਤਾ ਦੋਹਾਂ ਦੇ ਵਿਰੋਧੀ ਹਨ। ਤੁਹਾਨੂੰ ਸ਼ਰੁਤੀਆਂ ਅਤੇ ਸਿਮਰਤੀਆਂ 'ਤੇ ਅਧਾਰਤ ਧਰਮ ਨੂੰ ਨਸ਼ਟ ਕਰਨਾ ਹੋਵੇਗਾ। ਇਸ ਤੋਂ ਇਲਾਵਾ ਜਾਤੀ ਵਿਵਸਥਾ ਨੂੰ ਖ਼ਤਮ ਕਰਨ ਦਾ ਕੋਈ ਉਪਾਅ ਨਹੀਂ ਹੈ।'

ਬਾਬਾ ਸਾਹਿਬ ਨੇ ਮਈ 1956 'ਚ ਕਿਹਾ, "ਨਾ ਰੱਬ, ਨਾ ਆਤਮਾ ਸਮਾਜ ਨੂੰ ਬਚਾ ਸਕਦੇ ਹਨ।'' ਫਿਰ ਵੀ ਧਰਮ ਦਾ ਕੀੜਾ ਅਜਿਹਾ ਹੈ ਕਿ ਹਰ ਮਨੁੱਖ ਧਰਮ ਦੀ ਹੋਂਦ ਤੋਂ ਇਨਕਾਰ ਨਹੀਂ ਕਰ ਸਕਦਾ। ਇਸ ਲਈ ਬਾਬਾ ਸਾਹਿਬ ਨੇ ਕਿਹਾ ਸੀ ਕਿ ਧਰਮ ਇੱਕ ਨੰਗੀ ਤਾਰ ਵਾਂਗ ਹੈ। ਜੇਕਰ ਇਸ ਨੂੰ ਨਜ਼ਰਅੰਦਾਜ਼ ਕੀਤਾ ਤਾਂ ਕਰੰਟ ਲੱਗਣ ਦਾ ਖਤਰਾ ਹੈ। ਇਸ ਲਈ ਹੀ ਉਹਨਾਂ ਨੇ ਧਰਮ ਪ੍ਰਵਰਤਨ ਬਾਰੇ ਬੜੀ ਲੰਬੀ ਸੋਚ-ਵਿਚਾਰ ਕੀਤੀ। ਆਖਰ ਉਹਨਾਂ ਨੇ 1956 ਵਿੱਚ ਹਿੰਦੂ ਧਰਮ ਨੂੰ ਛੱਡ ਕੇ ਬੁੱਧ ਧੰਮ ਅਪਣਾਇਆ।

ਬੁੱਧ ਦਾ ਧੰਮ ਰੱਬੀ ਸ਼ਕਤੀ ਵਿੱਚ ਵਿਸ਼ਵਾਸ ਨਹੀਂ ਕਰਦਾ। ਇਸ ਲਈ ਹੀ ਬਾਬਾ ਸਾਹਿਬ ਨੇ ਇਸ ਨੂੰ ਪ੍ਰਵਾਨ ਕੀਤਾ। ਉਹਨਾਂ ਨੇ ਆਪਣੇ ਪੈਰੋਕਾਰਾਂ ਨੂੰ ਕਿਸੇ ਗ਼ੈਬੀ ਸ਼ਕਤੀ ਦੇ ਸਹਾਰੇ ਰਹਿਣ ਦੀ ਬਜਾਏ ਖ਼ੁਦ ਨੂੰ ਮਜ਼ਬੂਤ ਕਰਨ ਦੀ ਸਿੱਖਿਆ ਦਿੱਤੀ। ਉਹਨਾਂ ਕਿਹਾ, "ਤੁਸੀਂ ਆਪਣੀ ਗੁਲਾਮੀ ਆਪ ਦੂਰ ਕਰੋ। ਤੁਸੀਂ ਆਪਣੀ ਗੁਲਾਮੀ ਦੇ ਖ਼ਾਤਮੇ ਲਈ ਪ੍ਰਮਾਤਮਾ ਜਾਂ ਹੋਰ ਕਿਸੇ ਅਦਿੱਖ ਸ਼ਕਤੀ 'ਤੇ ਭਰੋਸਾ ਨਾ ਕਰੋ। ਤੁਹਾਡੀ ਮੁਕਤੀ ਰਾਜਸੀ ਤਾਕਤ ਵਿੱਚ ਹੈ, ਵਰਤ ਰੱਖਣ ਜਾਂ ਤੀਰਥਾਂ ਦੀ ਯਾਤਰਾ ਵਿੱਚ ਨਹੀਂ। ਧਾਰਮਿਕ ਪੁਸਤਕਾਂ ਦਾ ਪਾਠ ਤੁਹਾਨੂੰ ਗੁਲਾਮੀ ਤੋਂ ਮੁਕਤ ਨਹੀਂ ਕਰ ਸਕਦਾ।..... ਤੁਹਾਡੀ ਧਾਰਮਿਕ ਤਪ ਤਪੱਸਿਆ ਤੁਹਾਨੂੰ ਭੁੱਖਮਰੀ ਤੋਂ ਨਹੀਂ ਬਚਾ ਸਕਦੀ।'' ਉਹਨਾਂ ਖੁੱਲ੍ਹ ਕੇ ਕਿਹਾ ਕਿ 'ਗੁਲਾਮਾਂ ਦੀਆਂ ਬੇੜੀਆਂ ਕੱਟਣੀਆਂ ਹੀ ਵੱਡੀ ਭਗਤੀ ਹੈ। ਹੋਰਨਾਂ ਕੰਮਾਂ ਦੀ ਬਜਾਏ ਇਸ ਕੰਮ ਵਿੱਚ ਜੁਟੋ।'

ਬੁੱਧ ਨੇ ਬ੍ਰਾਹਮਣ ਦੇ ਰੱਬ ਤੇ ਧਰਮ ਨੂੰ ਨਕਾਰ ਕੇ, ਨਵਾਂ ਸਿਧਾਂਤ ਪੇਸ਼ ਕੀਤਾ, ਜੋ ਮਨੁੱਖੀ ਭਾਈਚਾਰੇ ਅਤੇ ਬਰਾਬਰੀ ਦਾ ਸਿਧਾਂਤ ਹੈ। ਇਸੇ ਤਰ੍ਹਾਂ ਸਿੱਖ ਲਹਿਰ ਸਮੇਂ ਜਿਹੜਾ ਰੱਬ ਸਿਰਜਿਆ ਗਿਆ ਉਹ ਸ਼ੂਦਰਾਂ ਨੂੰ ਵੀ ਪਾਤਸ਼ਾਹ ਬਣਨ ਵਿੱਚ ਸਹਾਇਤਾ ਦਿੰਦਾ ਹੈ। ਨੀਚੋਂ ਉਚ ਬਣਨ ਲਈ ਸਹਿਯੋਗ ਦਿੰਦਾ ਹੈ। ਉਸ ਪਾਸ ਕੋਈ ਦੁਈ-ਦਵੈਤ ਨਹੀਂ, ਵੈਰ ਨਹੀਂ, ਬੇਗਾਨਗੀ ਨਹੀਂ। ਉਹ ਸ਼ੂਦਰਾਂ ਨੂੰ ਤੇ ਨੀਚਾਂ ਨੂੰ ਸੁਰਗ ਪ੍ਰਾਪਤੀ ਦਾ ਹੱਕ ਦਿੰਦਾ ਹੈ। ਉੱਥੇ ਜਾਤ ਅਤੇ ਵਰਣ ਦੇ ਆਧਾਰ 'ਤੇ ਕੋਈ ਬੇਇਨਸਾਫੀ ਨਹੀਂ ਹੁੰਦੀ।

ਕਹਿਣ ਦਾ ਭਾਵ ਇੱਕ ਲਹਿਰ ਨੇ ਆਰੀਆ ਦੇ ਸਿਰਜੇ ਰੱਬ ਦੀ ਹੋਂਦ ਨੂੰ ਨਕਾਰ ਕੇ ਸਮਾਜ ਅੰਦਰ ਬਰਾਬਰੀ ਲਿਆਉਣ ਦਾ ਯਤਨ ਕੀਤਾ ਤੇ ਦੂਜੀ ਲਹਿਰ ਨੇ ਆਰੀਆ ਦੇ ਬਰਾਬਰ ਰੱਬ ਸਿਰਜ ਕੇ, ਸਮਾਜ ਅੰਦਰ ਸਮਾਨਤਾ ਲਿਆਉਣ ਦਾ ਯਤਨ ਕੀਤਾ। ਮੂਲ ਰੂਪ ਵਿੱਚ ਇਹ ਦੋਵੇਂ ਲਹਿਰਾਂ ਭਾਰਤ ਦੀ ਧਰਤੀ 'ਤੇ ਆਰੀਅਨ ਵਿਵਸਥਾ ਵਿਰੁੱਧ ਬਗ਼ਾਵਤ ਅਤੇ ਪੂਰਨ ਇਨਕਲਾਬ ਸਨ। ਇਹਨਾਂ ਬਗ਼ਾਵਤਾਂ ਤੋਂ ਪਿੱਛੋਂ ਤੀਜੀ ਬਗ਼ਾਵਤ 1950 ਦੀ ਹੈ ਜਦੋਂ ਸੰਵਿਧਾਨ ਲਾਗੂ ਹੋਣ ਨਾਲ ਲੋਕ-ਸ਼ਾਹੀ ਸਥਾਪਤ ਹੋਈ। ਇਸ ਲੋਕ-ਸ਼ਾਹੀ ਵਿੱਚ ਰੱਬ ਇੱਕ ਪਾਸੇ ਰਹਿ ਗਿਆ ਅਤੇ ਭਾਰਤ ਦੀ ਜਨਤਾ ਪ੍ਰਭੂ ਸੰਪੰਨ ਹੋ ਗਈ।

ਭਾਰਤ ਦਾ ਸੰਵਿਧਾਨ ਰੱਬ ਦੇ ਨਾਂਅ 'ਤੇ ਜਾਂ ਕਿਸੇ ਦੇਵੀ ਦੇਵਤੇ ਜਾਂ ਕਿਸੇ ਰਾਜੇ ਦੇ ਨਾਂਅ 'ਤੇ ਨਹੀਂ ਸ਼ੁਰੂ ਹੁੰਦਾ। ਦੇਸ਼ ਦੀ ਜਨਤਾ ਹੀ ਇਸ ਸੰਵਿਧਾਨ ਮੁਤਾਬਕ ਸਰਵੇ ਸਰਵਾ ਹੈ। ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਆਉਂਦਾ, "ਅਸੀਂ ਭਾਰਤ ਦੇ ਲੋਕ, ਭਾਰਤ ਨੂੰ ਸੰਪੂਰਨ ਪ੍ਰਭੁਤਵ ਸੰਪੰਨ ਲੋਕਤੰਤਰਾਤਮਕ ਗਣਰਾਜ ਬਣਾਉਣ ਲਈ ਅਤੇ ਉਸ ਦੇ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ, ਵਿਚਾਰ ਪ੍ਰਗਟਾਵੇ, ਵਿਸ਼ਵਾਸ, ਧਰਮ ਅਤੇ ਉਪਾਸਨਾ ਦੀ ਸਵਤੰਤਰਤਾ, ਮਾਣ ਸਨਮਾਨ ਪ੍ਰਤਿਸ਼ਠਾ ਅਤੇ ਅਵਸਰ ਦੀ ਸਮਾਨਤਾ ਪ੍ਰਾਪਤ ਕਰਨ ਲਈ ਅਤੇ ਸਭਨਾਂ ਵਿੱਚ ਵਿਅਕਤੀ ਦੀ (ਗਰਿਮਾ) ਸ਼ੋਭਾ ਅਤੇ ਰਾਸ਼ਟਰ ਦੀ ਏਕਤਾ ਪੱਕੀ ਕਰਨ ਵਾਲਾ ਭਾਈਚਾਰਾ ਵਧਾਉਣ ਲਈ ਦ੍ਰਿੜ੍ਹ ਸੰਕਲਪ ਹੋ ਕੇ ਆਪਣੀ ਇਸ ਸੰਵਿਧਾਨ ਸਭਾ ਵਿੱਚ, ਸੰਵਿਧਾਨ ਨੂੰ ਪ੍ਰਵਾਨ (ਪਾਰਿਤ) ਕਰਦੇ ਹਾਂ।''

ਕਹਿੰਦੇ ਹਨ ਕਿ ਸੰਵਿਧਾਨ ਸਭਾ ਵਿੱਚ ਚਰਚਾ ਸਤਰ ਦੌਰਾਨ ਇੱਕ ਸੁਆਲ ਆਇਆ। ਸੁਆਲ ਸੀ ਕਿ ਭਾਰਤੀ ਸੰਵਿਧਾਨ ਦੀ ਸ਼ੁਰੂਆਤ ਕਿਵੇਂ ਕੀਤੀ ਜਾਵੇ। ਮੌਲਾਨਾ ਹਜ਼ਰਤ ਮੋਹਲੀ ਉੱਠ ਕੇ ਖੜ੍ਹੇ ਹੋਏ ਅਤੇ ਬੋਲੇ ਕਿ ਭਾਰਤੀ ਸੰਵਿਧਾਨ ਦੀ ਸ਼ੁਰੂਆਤ 'ਅੱਲ੍ਹਾ' ਦੇ ਨਾਮ ਨਾਲ ਕੀਤੀ ਜਾਵੇ। ਪੰਡਿਤ ਮਦਨ ਮੋਹਨ ਮਾਲਵੀਆ ਖੜ੍ਹੇ ਹੋਏ ਅਤੇ ਬੋਲੇ 'ਓਮ ਨਮੋ ਸ਼ਿਵਾਏ' ਦੇ ਨਾਮ ਨਾਲ ਕੀਤੀ ਜਾਵੇ। ਐਚ.ਪੀ. ਕਾਮਤ ਨੇ ਸੁਝਾਅ ਦਿੱਤਾ ਕਿ 'ਈਸ਼ਵਰ' ਦੇ ਨਾਮ ਨਾਲ ਕੀਤੀ ਜਾਵੇ। ਬਾਬਾ ਸਾਹਿਬ ਉੱਠ ਕੇ ਖੜ੍ਹੇ ਹੋਏ ਅਤੇ ਕਿਹਾ ਕਿ ਭਾਰਤੀ ਸੰਵਿਧਾਨ ਦੀ ਸ਼ੁਰੂਆਤ 'ਜਨਤਾ' ਦੇ ਨਾਮ ਨਾਲ ਕੀਤੀ ਜਾਵੇ। ਇਸ ਮੁੱਦੇ 'ਤੇ ਸੰਸਦ ਵਿੱਚ ਮਤਦਾਨ ਹੋਇਆ ਤਾਂ 68 ਵੋਟਾਂ ਜਨਤਾ ਦੇ ਨਾਮ ਲਈ ਮਿਲੀਆਂ ਅਤੇ 41 ਵੋਟਾਂ ਦੇਵਤਿਆਂ ਦੇ ਨਾਮ ਨੂੰ ਮਿਲੀਆਂ। ਇਸ ਤਰ੍ਹਾਂ ਸੰਵਿਧਾਨ ਦੀ ਸ਼ੁਰੂਆਤ We the people of India (ਅਸੀਂ ਭਾਰਤ ਦੇ ਲੋਕ) ਨਾਲ ਹੋਈ। ਇਸ ਤਰ੍ਹਾਂ ਸੰਵਿਧਾਨ ਬਣਨ ਤੋਂ ਪਹਿਲਾਂ ਹੀ 'ਪੱਥਰ ਦੇ ਭਗਵਾਨ' ਹਾਰ ਗਏ ਅਤੇ ਮਾਨਵ (ਲੋਕ) ਜਿੱਤ ਗਏ।

ਇਸ ਤਰ੍ਹਾਂ ਲੋਕ ਹੀ ਪ੍ਰਭੂ ਸੰਪੰਨ ਸ਼ਕਤੀ ਦੇ ਮਾਲਕ ਬਣ ਗਏ। ਸਰਬ ਸ਼ਕਤੀਮਾਨ ਰੱਬ ਦੀ ਥਾਂ ਇਹ ਅਧਿਕਾਰ ਭਾਰਤ ਦੀ ਆਮ ਜਨਤਾ ਨੂੰ ਮਿਲ ਗਿਆ। ਹੁਣ ਹੁਕਮਰਾਨ ਕੋਈ ਉੱਚੀ ਜਾਤ ਦਾ ਨਹੀਂ, ਕੋਈ ਨੀਚ ਤੋਂ ਨੀਚ ਮੰਨੀ ਜਾਂਦੀ ਜਾਤੀ ਵਾਲਾ ਵੀ ਬਣ ਸਕਦਾ ਹੈ। ਇਸ ਸੰਵਿਧਾਨ ਨੇ ਨੀਵੀਆਂ ਜਾਤਾਂ ਨਾਲ ਹੋਣ ਵਾਲੇ ਵਿਤਕਰੇ ਬੰਦ ਕਰਕੇ, ਕਾਨੂੰਨ ਦੇ ਸਾਹਮਣੇ ਉੱਚਿਆਂ ਨੂੰ ਵੀ ਲਿਆ ਖੜ੍ਹਾ ਕੀਤਾ ਜੋ ਹਜ਼ਾਰਾਂ ਸਾਲਾਂ ਤੋਂ ਹਰ ਤਰ੍ਹਾਂ ਦੀਆਂ ਖਰਾਬੀਆਂ ਕਰਕੇ ਵੀ ਦੋਸ਼ ਮੁਕਤ ਰਹੇ। ਹੁਣ ਭਾਰਤ ਦੀ ਧਰਤੀ ਦੀ ਮਾਲਕੀ ਕਿਸੇ ਇੱਕ ਵਰਗ ਦੀ ਨਹੀਂ। ਹਰ ਮਨੁੱਖ ਨੂੰ ਆਪਣਾ ਘਰ-ਘਾਟ, ਜਾਇਦਾਦ ਬਣਾਉਣ ਦਾ ਬਰਾਬਰ ਅਧਿਕਾਰ ਮਿਲ ਗਿਆ। ਧਾਰਮਿਕ ਗ੍ਰੰਥਾਂ ਅਨੁਸਾਰ ਪਹਿਲਾਂ ਜ਼ਮੀਨ-ਜਾਇਦਾਦ ਦਾ ਮਾਲਕ ਸਿਰਫ਼ ਬ੍ਰਾਹਮਣ ਸੀ। ਸ਼ੂਦਰ ਜਿਸ ਦਾ ਅਰਥ ਹੈ ਦਾਸ, ਗੁਲਾਮ, ਸੇਵਾਦਾਰ, ਉਹ ਇਸ ਨਵੇਂ ਵਿਧਾਨ ਅਨੁਸਾਰ ਆਜ਼ਾਦ ਨਾਗਰਿਕ ਬਣ ਗਿਆ। ਇਸ ਤਰ੍ਹਾਂ ਕਦੇ ਵੀ ਸੰਭਵ ਨਾ ਹੋ ਸਕਦਾ ਜੇਕਰ ਸੰਵਿਧਾਨ ਨਿਰਮਾਣ ਦਾ ਕੰਮ ਕਿਸੇ ਸਵਰਨ ਜਾਤੀ ਦੇ ਵਿਅਕਤੀ ਨੂੰ ਮਿਲਿਆ ਹੁੰਦਾ। ਇਹ ਕਾਰਜ ਬਾਬਾ ਸਾਹਿਬ ਦੇ ਹਿੱਸੇ ਆਇਆ ਇਸ ਲਈ ਹੀ ਇਸ ਤਰ੍ਹਾਂ ਸੰਭਵ ਹੋ ਸਕਿਆ। ਬਾਬਾ ਸਾਹਿਬ ਨੂੰ ਬਰਦਾਸ਼ਤ ਕਰਨਾ ਸਵਰਨ ਜਾਤੀਆਂ ਦੇ ਨੇਤਾਵਾਂ ਦੀ ਮਜਬੂਰੀ ਸੀ ਕਿਉਂਕਿ ਜੇਕਰ ਉਹ ਅਜਿਹਾ ਨਾ ਕਰਦੇ ਤਾਂ ਉਹਨਾਂ ਕੋਲ ਇੱਕ ਵੀ ਵਿਅਕਤੀ ਅਜਿਹਾ ਨਹੀਂ ਸੀ ਜੋ ਇਸ ਤਰ੍ਹਾਂ ਦਾ ਜੋਖ਼ਿਮ ਭਰਿਆ ਕੰਮ ਕਰ ਸਕਦਾ। ਇਸ ਦੇ ਨਾਲ ਹੀ ਬਾਬਾ ਸਾਹਿਬ ਨੇ ਐਲਾਨੀਆਂ ਤੌਰ 'ਤੇ ਕਹਿ ਦਿੱਤਾ ਸੀ ਕਿ ਜੇਕਰ ਸੰਵਿਧਾਨ ਸਾਡੇ ਪੱਖੀ ਨਾ ਹੋਇਆ ਤਾਂ ਮੈਂ ਇਸ ਨੂੰ ਮਨਜ਼ੂਰ ਨਹੀਂ ਕਰਾਂਗਾ। ਉਹਨਾਂ ਕਿਹਾ "ਸਾਡੇ ਉੱਤੇ ਮੁੱਠੀ ਭਰ ਅਤੇ ਹਾਕਮ ਵਰਗ ਦਾ ਰਾਜ ਠੋਸਣ ਦੇ ਉਦੇਸ਼ ਨਾਲ ਰਾਜਨੀਤੀ ਨੂੰ ਗੰਦਾ ਕਰਨ ਦੀ ਚਾਲ ਦਾ ਅਸੀਂ ਮੂੰਹ ਤੋੜ ਮੁਕਾਬਲਾ ਕਰਾਂਗੇ।'' "ਅਸੀਂ ਅਜਿਹੇ ਸੰਵਿਧਾਨ ਦੀ ਆਗਿਆ ਨਹੀਂ ਦੇ ਸਕਦੇ ਜੋ ਹਿੰਦੂਆਂ (ਸਵਰਨਾਂ) ਵਾਸਤੇ ਤਾਂ ਆਜ਼ਾਦੀ ਦਿੰਦਾ ਹੋਵੇ ਪ੍ਰੰਤੂ ਸਾਡੇ (ਐੱਸ.ਸੀ., ਐੱਸ.ਟੀ., ਬੀ.ਸੀ. ਅਤੇ ਧਾਰਮਿਕ ਘੱਟ ਗਿਣਤੀ) ਉੱਤੇ ਸਾਮਰਾਜ ਕਾਇਮ ਕਰਦਾ ਹੋਵੇ। ਅਸੀਂ ਉਸ ਸੰਵਿਧਾਨ ਦੀ ਆਗਿਆ ਨਹੀਂ ਦੇਵਾਂਗੇ, ਜਿਸ ਵਿੱਚ ਅਸੀਂ ਆਜ਼ਾਦ ਨਾ ਹੋਈਏ ਅਤੇ ਸਾਨੂੰ ਬਰਾਬਰੀ ਪ੍ਰਾਪਤ ਨਾ ਹੋਵੇ। ਮੈਂ ਇਹ ਕਦੀ ਨਹੀਂ ਹੋਣਾ ਦਿਆਂਗਾ।''

ਇਹ ਸੰਵਿਧਾਨ ਹੀ ਹੈ ਜਿਸ ਨੇ ਹਜ਼ਾਰਾਂ ਸਾਲਾਂ ਦੀਆਂ ਗੁਲਾਮੀ ਦੀਆਂ ਜੰਜ਼ੀਰਾਂ ਕੱਟ ਕੇ ਭਾਰਤੀ ਮੂਲਵਾਸੀ ਸਮਾਜ ਨੂੰ ਮੁਕਤ ਕਰ ਦਿੱਤਾ ਤੇ ਬਰਾਬਰ ਦੇ ਅਧਿਕਾਰੀ ਬਣਾ ਦਿੱਤਾ। ਕਿਸੇ ਵੀ ਅਪਰਾਧ ਦੀ ਜੋ ਧਾਰਾ ਸ਼ੂਦਰ ਅਛੂਤ 'ਤੇ ਲਾਗੂ ਹੁੰਦੀ ਹੈ ਸੰਵਿਧਾਨ ਮੁਤਾਬਕ ਉਹੀ ਸਵਰਨ ਜਾਤੀ ਦੇ ਕਿਸੇ ਵਿਅਕਤੀ 'ਤੇ ਲਾਗੂ ਹੁੰਦੀ ਹੈ। ਭਾਵੇਂ ਸੰਵਿਧਾਨ ਦੀਆਂ ਕੁੱਝ ਕਮਜ਼ੋਰੀਆਂ ਕਾਰਨ ਹਾਲਾਤ ਕੋਈ ਬਹੁਤੇ ਸਾਵੇਂ ਨਹੀਂ ਹੋ ਸਕੇ ਪਰ ਇਸ ਦਾ ਕਾਰਨ ਇਹ ਨਹੀਂ ਕਿ ਸਾਡੇ ਦੇਸ਼ ਦਾ ਸੰਵਿਧਾਨ ਮਾੜਾ ਹੈ। 25 ਨਵੰਬਰ 1949 ਨੂੰ ਸੰਵਿਧਾਨ ਬਾਰੇ ਪਾਰਲੀਮੈਂਟ ਵਿੱਚ ਹੋਈ ਬਹਿਸ ਵਿੱਚ ਹਿੱਸਾ ਲੈਂਦਿਆਂ ਬਾਬਾ ਸਾਹਿਬ ਨੇ ਕਿਹਾ ਸੀ, 'ਜੇਕਰ ਨਵੇਂ ਸੰਵਿਧਾਨ ਵਿੱਚ, ਹਾਲਾਤ ਵਿਗੜੇ ਤਾਂ (ਇਸ ਦਾ) ਕਾਰਨ ਇਹ ਨਹੀਂ ਹੋਵੇਗਾ ਕਿ ਸਾਡਾ ਸੰਵਿਧਾਨ ਬੁਰਾ ਹੈ, ਸਗੋਂ ਸਾਨੂੰ ਇਹ ਕਹਿਣਾ ਹੋਵੇਗਾ ਕਿ ਆਦਮੀ ਹੀ ਦੁਸ਼ਟ ਸੀ।' ਭਾਵ ਕਿ ਬੁਰੇ ਲੋਕਾਂ ਦੇ ਵਸ ਪੈ ਕੇ ਸੰਵਿਧਾਨ ਸ਼ਾਇਦ ਕੋਈ ਵਧੀਆ ਨਤੀਜੇ ਨਹੀਂ ਦੇਵੇਗਾ। ਉਹਨਾਂ ਦੀ ਕੀਤੀ ਭਵਿੱਖ ਬਾਣੀ ਅਨੁਸਾਰ ਸੰਵਿਧਾਨ ਨੂੰ ਪੂਰਨ ਰੂਪ ਵਿੱਚ ਲਾਗੂ ਕੀਤੇ ਜਾਣ ਦੀ ਥਾਂ ਮਨੂੰ ਸਿੰਮ੍ਰਤੀ ਦਾ ਸੰਵਿਧਾਨ ਹੀ ਲਾਗੂ ਰਿਹਾ ਜਿਸ ਕਾਰਨ ਇਨਕਲਾਬ ਦੀ ਉਮੀਦ ਮਨੂੰ ਸਿੰਮ੍ਰਤੀ ਦੇ ਵਿਧਾਨ ਹੇਠਾਂ ਦਬ ਕੇ ਰਹਿ ਗਈ। ਇਸ ਦੇ ਬਾਵਜੂਦ ਵੀ ਸੰਵਿਧਾਨ ਦੇ ਹੁੰਦਿਆਂ ਭਾਰਤੀ ਜਨਤਾ ਹੀ ਪ੍ਰਭੂ ਸੰਪੰਨ ਹੈ।



ਕਹਿੰਦੇ ਹਨ ਕਿ ਸੰਵਿਧਾਨ ਸਭਾ ਵਿੱਚ ਚਰਚਾ ਸਤਰ ਦੌਰਾਨ ਇੱਕ ਸੁਆਲ ਆਇਆ। ਸੁਆਲ ਸੀ ਕਿ ਭਾਰਤੀ ਸੰਵਿਧਾਨ ਦੀ ਸ਼ੁਰੂਆਤ ਕਿਵੇਂ ਕੀਤੀ ਜਾਵੇ। ਮੌਲਾਨਾ ਹਜ਼ਰਤ ਮੋਹਲੀ ਉੱਠ ਕੇ ਖੜ੍ਹੇ ਹੋਏ ਅਤੇ ਬੋਲੇ ਕਿ ਭਾਰਤੀ ਸੰਵਿਧਾਨ ਦੀ ਸ਼ੁਰੂਆਤ 'ਅੱਲ੍ਹਾ' ਦੇ ਨਾਮ ਨਾਲ ਕੀਤੀ ਜਾਵੇ। ਪੰਡਿਤ ਮਦਨ ਮੋਹਨ ਮਾਲਵੀਆ ਖੜ੍ਹੇ ਹੋਏ ਅਤੇ ਬੋਲੇ 'ਓਮ ਨਮੋ ਸ਼ਿਵਾਏ' ਦੇ ਨਾਮ ਨਾਲ ਕੀਤੀ ਜਾਵੇ। ਐਚ.ਪੀ. ਕਾਮਤ ਨੇ ਸੁਝਾਅ ਦਿੱਤਾ ਕਿ 'ਈਸ਼ਵਰ' ਦੇ ਨਾਮ ਨਾਲ ਕੀਤੀ ਜਾਵੇ। ਬਾਬਾ ਸਾਹਿਬ ਉੱਠ ਕੇ ਖੜ੍ਹੇ ਹੋਏ ਅਤੇ ਕਿਹਾ ਕਿ ਭਾਰਤੀ ਸੰਵਿਧਾਨ ਦੀ ਸ਼ੁਰੂਆਤ 'ਜਨਤਾ' ਦੇ ਨਾਮ ਨਾਲ ਕੀਤੀ ਜਾਵੇ। ਇਸ ਮੁੱਦੇ 'ਤੇ ਸੰਸਦ ਵਿੱਚ ਮਤਦਾਨ ਹੋਇਆ ਤਾਂ 68 ਵੋਟਾਂ ਜਨਤਾ ਦੇ ਨਾਮ ਲਈ ਮਿਲੀਆਂ ਅਤੇ 41 ਵੋਟਾਂ ਦੇਵਤਿਆਂ ਦੇ ਨਾਮ ਨੂੰ ਮਿਲੀਆਂ। ਇਸ ਤਰ੍ਹਾਂ ਸੰਵਿਧਾਨ ਦੀ ਸ਼ੁਰੂਆਤ We the people of India (ਅਸੀਂ ਭਾਰਤ ਦੇ ਲੋਕ) ਨਾਲ ਹੋਈ। ਇਸ ਤਰ੍ਹਾਂ ਸੰਵਿਧਾਨ ਬਣਨ ਤੋਂ ਪਹਿਲਾਂ ਹੀ 'ਪੱਥਰ ਦੇ ਭਗਵਾਨ' ਹਾਰ ਗਏ ਅਤੇ ਮਾਨਵ (ਲੋਕ) ਜਿੱਤ ਗਏ।

ਬਾਬਾ ਸਾਹਿਬ ਦੇ ਪੀ.ਏ. ਨਾਨਕ ਚੰਦ ਰੱਤੂ ਲਿਖਦੇ ਹਨ ਕਿ ਜਦੋਂ ਸੰਵਿਧਾਨ ਲਾਗੂ ਹੋ ਰਿਹਾ ਸੀ ਤਾਂ ਉਸ ਤੋਂ ਇੱਕ ਦਿਨ ਪਹਿਲਾਂ ਬਾਬਾ ਸਾਹਿਬ ਪੂਰੇ ਖ਼ੁਸ਼ੀ ਭਰੇ ਰੌਂਅ ਵਿੱਚ ਆਪਣੇ ਘਰ ਬੈਠੇ ਵਾਇਲਨ ਵਜਾ ਕੇ ਕੋਈ ਗਾਣਾ ਗੁਣਗੁਣਾ ਰਹੇ ਸਨ। ਰੱਤੂ ਨੇ ਖ਼ੁਸ਼ੀ ਦਾ ਕਾਰਨ ਪੁੱਛਿਆ ਤਾਂ ਉਹਨਾਂ ਨੇ ਕਿਹਾ ਕਿ ਮੈਂ ਇਸ ਗੱਲੋਂ ਖ਼ੁਸ਼ ਹਾਂ ਕਿ ਹੁਣ ਦਬੇ-ਕੁਚਲੇ ਲੋਕ ਵੀ ਹੁਕਮਰਾਨ ਬਣ ਸਕਣਗੇ ਅਤੇ ਉੱਚੇ ਕਹਾਉਣ ਵਾਲੇ ਲੋਕ ਸੜਕਾਂ 'ਤੇ ਆ ਜਾਣਗੇ। ਇਸੇ ਤਰ੍ਹਾਂ ਬਾਬਾ ਸਾਹਿਬ ਨੂੰ ਖ਼ੁਸ਼ ਦੇਖ ਕੇ ਪੰਡਤ ਮਦਨ ਮੋਹਨ ਮਾਲਵੀਆ ਨੇ ਕਿਹਾ ਕਿ ਜ਼ਿਆਦਾ ਖ਼ੁਸ਼ ਹੋਣ ਦੀ ਲੋੜ ਨਹੀਂ ਕਿਉਂਕਿ ਸਾਡੇ ਲੋਕ ਪੈਸੇ ਪੱਖੋਂ ਅਮੀਰ ਹਨ ਉਹ ਤੁਹਾਡੇ ਲੋਕਾਂ ਦੀਆਂ ਵੋਟਾਂ ਖਰੀਦ ਲੈਣਗੇ ਤੇ ਹੁਕਮਰਾਨ ਬਣੇ ਰਹਿਣਗੇ। ਬਾਬਾ ਸਾਹਿਬ ਦਾ ਉੱਤਰ ਸੀ ਕਿ ਜਿਸ ਦਿਨ ਵੀ ਮੇਰੇ ਲੋਕ ਸਮਝਦਾਰ ਹੋ ਗਏ ਉਸੇ ਦਿਨ ਹੀ ਉਹ ਹੇਠਲੀ ਉੱਤੇ ਕਰ ਦੇਣਗੇ। ਬਹੁਜਨ ਸਮਾਜ ਦੇ ਸਮਝਦਾਰ ਲੋਕ ਅੱਜ ਵੀ ਇਸ ਦਿਨ ਦੀ ਉਡੀਕ ਕਰ ਰਹੇ ਹਨ। ਦੂਸਰੇ ਪਾਸੇ ਇਸਦੇ ਅੰਜਾਮ ਨੂੰ ਦੇਖਦਿਆਂ ਹੋਇਆਂ ਦੁਸ਼ਮਣ ਵਰਗ ਵੀ ਚੁੱਪ ਨਹੀਂ ਬੈਠਾ। ਉਸ ਨੇ ਵੀ ਸੰਵਿਧਾਨ ਦਾ ਮਲੀਆਮੇਟ ਕਰਨ ਦੀ ਪੂਰੀ ਤਰ੍ਹਾਂ ਧਾਰੀ ਹੋਈ ਹੈ। ਇਸ ਕੰਮ ਲਈ ਉਸ ਨੇ ਧਰਮ ਦਾ ਆਸਰਾ ਲਿਆ ਹੈ। ਭਾਰਤ ਦੇ ਮੂਲਨਿਵਾਸੀਆਂ 'ਚੋਂ ਬਹੁਤੇ ਲੋਕ ਹਿੰਦੂ ਧਰਮ ਨੂੰ ਮੰਨ ਕੇ 'ਹਿੰਦੂ ਰਾਸ਼ਟਰ' ਕਾਇਮ ਕਰਨ ਵਿੱਚ ਜੁਟੇ ਹੋਏ ਹਨ ਜਾਂ ਚੁੱਪ-ਚਾਪ ਤਮਾਸ਼ਾ ਦੇਖ ਰਹੇ ਹਨ ਅਤੇ ਮੰਦਰਾਂ ਵਿੱਚ ਜਾ ਕੇ ਟੱਲ ਵਜਾਉਂਦੇ ਹੋਏ ਮਸਤੀ ਵਿੱਚ 'ਰਾਮ ਰਾਜੇ' ਗਾ ਰਹੇ ਹਨ। 'ਹਿੰਦੂ ਰਾਸ਼ਟਰ' ਬਣਾਉਣ ਦੇ ਦਾਅਵੇ ਕਰਦਿਆਂ ਸਵਰਨ ਜਾਤੀਆਂ ਦੇ ਜੋ ਲੋਕ ਤੁਹਾਥੋਂ ਹਿੰਦੂ ਧਰਮ ਦਾ ਸਮੱਰਥਨ ਕਰਵਾਉਣਾ ਚਾਹੁੰਦੇ ਹਨ, ਉਹਨਾਂ ਤੋਂ ਪੁੱਛ ਲੈਣਾ ਕਿ ਇਸ ਹਿੰਦੂ ਧਰਮ ਦੀ ਪੁਨਰ-ਸਥਾਪਨਾ ਦੇ ਬਾਅਦ ਸਾਡਾ ਹਿੰਦੂ ਧਰਮ ਵਿੱਚ ਕਿਹੜਾ ਵਰਣ ਜਾਂ ਸਥਾਨ ਹੋਵੇਗਾ? ਜੇਕਰ ਉਹ ਤੁਹਾਡਾ ਚੌਥਾ ਵਰਣ ਦੱਸਦੇ ਹਨ, ਤਾਂ ਕੀ ਤੁਸੀਂ ਹਿੰਦੂ ਧਰਮ ਦੇ ਚੌਥੇ ਵਰਣ ਦਾ ਸ਼ੂਦਰ ਬਣਨਾ ਪਸੰਦ ਕਰੋਗੇ? ਚੌਥੇ ਵਰਣ ਦਾ ਹਿੰਦੂ ਜਾਣੀ ਸ਼ੂਦਰ ਬਣਨ ਦੇ ਬਾਅਦ ਤੁਹਾਡੇ 'ਤੇ ਮਨੂੰ ਸਿੰਮ੍ਰਤੀ ਦਾ ਵਿਧਾਨ ਵੀ ਲਾਗੂ ਹੋਵੇਗਾ ਜਿਸਦੇ ਅਨੁਸਾਰ :-

1. ਤੁਸੀਂ ਸਿੱਖਿਆ ਗ੍ਰਹਿਣ ਨਹੀਂ ਕਰ ਸਕਦੇ ਹੋ।
2. ਤੁਹਾਨੂੰ ਸਿਰਫ ਬੇਗਾਰ ਜਾਣੀ ਗੁਲਾਮੀ ਕਰਨੀ ਪਵੇਗੀ।
3. ਤੁਹਾਡੀਆਂ ਔਰਤਾਂ ਦੀ ਅਸਮਤ ਲੁੱਟਣ ਲਈ ਬ੍ਰਾਹਮਣ ਆਜ਼ਾਦ ਹੋਵੇਗਾ।
4. ਤੁਹਾਡੀਆਂ ਬੇਟੀਆਂ ਨੂੰ ਮੰਦਰਾਂ ਵਿੱਚ ਦੇਵਦਾਸੀਆਂ ਬਣਾਇਆ ਜਾਏਗਾ।
5. ਬ੍ਰਾਹਮਣ ਨੂੰ ਤੁਹਾਡੇ ਨਾਲ ਮਾਰ-ਕੁੱਟ ਕਰਨ ਦਾ ਅਧਿਕਾਰ ਹੋਵੇਗਾ।
6. ਬ੍ਰਾਹਮਣ ਨੂੰ ਤੁਹਾਡੇ ਕੋਲੋਂ ਤੁਹਾਡਾ ਧਨ-ਸੰਪਤੀ ਖੋਹਣ ਦਾ ਅਧਿਕਾਰ ਹੋਵੇਗਾ।
7. ਤੁਹਾਨੂੰ ਸੰਸਾਧਨ ਰੱਖਣ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

ਇਹ ਸਭ ਗੱਲਾਂ ਬਿਲਕੁਲ ਸੱਚੀਆਂ ਹਨ ਜੋ ਹਿੰਦੂ ਰਾਸ਼ਟਰ ਬਣਨ 'ਤੇ ਲਾਗੂ ਹੋ ਜਾਣਗੀਆਂ। ਯਕੀਨ ਨਾ ਹੋਵੇ, ਤਾਂ ਇੱਕ ਵਾਰ ਮਨੂੰ ਸਿੰਮ੍ਰਤੀ ਪੜ੍ਹ ਲੈਣਾ, ਸਭ ਸਮਝ ਵਿੱਚ ਆ ਜਾਏਗਾ। ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਸ਼ੂਦਰ ਹਿੰਦੂਆਂ ਦੀ ਐਸੀ ਹੀ ਸਮਾਜਿਕ ਤਰਸਯੋਗ ਹਾਲਤ ਸੀ, ਜਿਹੜੀ ਦੇਸ਼ ਦੀ ਆਜ਼ਾਦੀ ਦੇ 70 ਸਾਲਾਂ ਪਿੱਛੋਂ ਸੰਵਿਧਾਨਿਕ ਬੰਦੋਬਸਤ ਦੇ ਬਾਵਜੂਦ ਵੀ ਪੂਰੀ ਤਰ੍ਹਾਂ ਨਾਲ ਨਹੀਂ ਸੁਧਰੀ ਹੈ। ਤਾਂ ਕੀ ਅਸੀਂ ਵਾਪਸ ਉਸੇ ਤਰਸਯੋਗ ਸਥਿਤੀ ਵਿੱਚ ਜਾਣਾ ਚਾਹੁੰਦੇ ਹਾਂ? ਜੇਕਰ ਕਿਸੇ ਨੂੰ ਹਿੰਦੂ ਧਰਮ ਚੰਗਾ ਲੱਗਦਾ ਹੈ, ਤਾਂ ਉਹ ਖ਼ੁਸ਼ੀ ਨਾਲ ਗੁਲਾਮ ਬਣਨ ਲਈ ਹਿੰਦੂ ਧਰਮ ਦਾ ਸਮੱਰਥਨ ਕਰੇ। ਉਸ ਚੌਥੇ ਵਰਣ ਲਈ ਬ੍ਰਾਹਮਣ, ਕਸ਼ੱਤਰੀ, ਵੈਸ਼ਾਂ ਦੀ ਗੁਲਾਮੀ ਕਰਨ ਦਾ ਰਾਹ ਖੁੱਲ੍ਹਾ ਹੈ। ਜੇਕਰ ਗੁਲਾਮੀ ਪਸੰਦ ਨਹੀਂ ਤਾਂ ਸੰਵਿਧਾਨ ਨੂੰ ਬਚਾਉਣ ਦੀ ਕਵਾਇਦ ਵਿੱਚ ਜੁਟ ਜਾਣਾ ਚਾਹੀਦਾ ਹੈ। ਸੰਵਿਧਾਨ ਹੀ ਇੱਕੋ-ਇੱਕ ਸਰਬ ਸ਼ਕਤੀਮਾਨ ਹੈ ਜਿਹੜਾ ਗੁਲਾਮੀ ਦੀਆਂ ਬੇੜੀਆਂ ਨੂੰ ਕੱਟ ਕੇ ਬਰਾਬਰੀ ਦਾ ਪ੍ਰਬੰਧ ਸਿਰਜਣ ਦੀ ਤਾਕਤ ਰੱਖਦਾ ਹੈ। ਜੇਕਰ ਸੰਵਿਧਾਨ ਨਾ ਰਿਹਾ ਤਾਂ ਉਪ੍ਰੋਕਤ ਸਭ ਕੁੱਝ ਹੋਵੇਗਾ।

ਅੱਜ ਸੰਵਿਧਾਨ ਨੂੰ ਬਚਾਉਣ ਵਾਲਿਆਂ ਅਤੇ ਸੰਵਿਧਾਨ ਨੂੰ ਖ਼ਤਮ ਕਰਨ ਵਾਲਿਆਂ ਵਿਚਕਾਰ ਜੰਗ ਚੱਲ ਰਹੀ ਹੈ। ਜਿੱਤ ਤਾਂ ਉਸੇ ਦੀ ਹੋਣੀ ਹੈ ਜਿਹੜੀ ਧਿਰ ਸਮਝਦਾਰ ਹੋਵੇਗੀ। ਜੇਕਰ ਸੰਵਿਧਾਨ ਨੂੰ ਬਚਾਉਣ ਵਾਲੀ ਧਿਰ ਸਮਝਦਾਰ ਹੋਵੇਗੀ ਤਾਂ ਉਹ ਸੰਵਿਧਾਨ ਨੂੰ ਬਚਾ ਸਕਦੀ ਹੈ। ਜੇਕਰ ਉਹ ਸਮਝਦਾਰ ਨਾ ਹੋਈ ਅਤੇ ਧਰਮ ਦੇ ਰੰਗ ਵਿੱਚ ਰੰਗ ਕੇ ਦੁਸ਼ਮਣ ਦੇ ਹੱਥਾਂ ਵਿੱਚ ਖੇਡਦੀ ਰਹੀ ਤਾਂ ਉਹ ਹਾਲਾਤ ਤਾਂ ਬਣ ਚੁੱਕੇ ਹਨ ਅਤੇ ਭਾਰਤ ਦਾ ਸੰਵਿਧਾਨ ਖਤਰੇ ਵਿੱਚ ਆ ਗਿਆ ਹੈ।

ਅਖੀਰ ਵਿੱਚ ਪੰਜਾਬੀ ਕਹਾਵਤ 'ਰੱਬ ਨੇੜੇ ਜਾਂ ਘਸੁੰਨ' ਵਾਂਗ ਮੁਸੀਬਤ ਵੇਲੇ ਰੱਬ ਨੇੜੇ ਨਹੀਂ ਹੁੰਦਾ। ਤਾਕਤਵਰਾਂ ਲਈ ਉਹਨਾਂ ਦੀ ਤਾਕਤ ਰਖਵਾਲੀ ਕਰਦੀ ਹੈ ਅਤੇ ਕਮਜ਼ੋਰਾਂ ਲਈ ਕਾਨੂੰਨ ਰਾਖੀ ਕਰਦਾ ਹੈ। ਸਾਡੇ ਸਿਆਣੇ ਪੁਰਖਿਆਂ ਨੇ ਰੱਬੀ ਸ਼ਕਤੀ 'ਤੇ ਯਕੀਨ ਕਰਨ ਦੀ ਬਜਾਏ ਆਪਣੀ ਸ਼ਕਤੀ 'ਤੇ ਭਰੋਸਾ ਕੀਤਾ। ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਬ੍ਰਾਹਮਣਾਂ ਨੇ ਦੇਵੀ ਪ੍ਰਗਟ ਕਰਨ ਦਾ ਸੁਝਾਅ ਦਿੱਤਾ। ਬ੍ਰਾਹਮਣਾਂ ਦੇ ਕਹੇ ਅਨੁਸਾਰ ਉਹਨਾਂ ਨੇ ਪੂਜਾ-ਪਾਠ ਕਰਨ ਲਈ ਸਭ ਸਮਾਨ ਮੰਗਾ ਲਿਆ। ਜਦੋਂ ਫਿਰ ਵੀ ਦੇਵੀ ਪ੍ਰਗਟ ਨਾ ਹੋਈ ਤਾਂ ਬ੍ਰਾਹਮਣ ਅੱਖ ਬਚਾ ਕੇ ਨੱਠ ਗਿਆ। ਉਸ ਸਮੇਂ ਗੁਰੂ ਗੋਬਿੰਦ ਸਿੰਘ ਨੇ ਆਪਣੀ ਤਲਵਾਰ ਕੱਢ ਕੇ ਕਿਹਾ ਸੀ ਕਿ ਅਸਲ ਦੇਵੀ ਤਾਂ ਇਹ ਹੈ। ਇਸ ਨੂੰ ਜਦੋਂ ਚਾਹੋ ਪ੍ਰਗਟ ਕਰ ਸਕਦੇ ਹੋ। ਦੂਸਰੇ ਪਾਸੇ ਜਦੋਂ ਮਹਿਮੂਦ ਗਜ਼ਨਵੀ ਆਪਣੇ ਸਤਾਰ੍ਹਵੇਂ ਹਮਲੇ ਵਿੱਚ ਸੋਮਨਾਥ ਦਾ ਮੰਦਰ ਲੁੱਟਣ ਆਇਆ ਤਾਂ ਉੱਥੋਂ ਦੇ ਪੁਜਾਰੀ ਦੇਵਤਿਆਂ ਦੀਆਂ ਮੂਰਤੀਆਂ ਅੱਗੇ ਬਚਾਉਣ ਲਈ ਬੇਨਤੀਆਂ ਕਰਦੇ ਰਹੇ ਪਰ ਕੋਈ ਵੀ ਦੇਵਤਾ ਉਹਨਾਂ ਦੀ ਮੱਦਦ ਲਈ ਨਾ ਬਹੁੜਿਆ। ਆਖਰ ਮਹਿਮੂਦ ਗਜ਼ਨਵੀ ਉੱਥੇ ਹਾਜ਼ਰ ਲੋਕਾਂ ਦਾ ਕਤਲੇਆਮ ਕਰਕੇ ਅਤੇ ਉੱਥੇ ਰਹਿੰਦੀਆਂ ਦੇਵਦਾਸੀਆਂ ਸਮੇਤ ਸੋਨਾ ਚਾਂਦੀ ਅਤੇ ਹੀਰੇ ਜਵਾਹਰਾਤ ਲੈ ਕੇ ਵਾਪਸ ਚਲਾ ਗਿਆ। ਇਸੇ ਤਰ੍ਹਾਂ ਦੋ ਹਜ਼ਾਰ ਸਾਲ ਤੋਂ ਭਾਰਤੀ ਮੂਲਵਾਸੀ ਅੱਤਿਆਚਾਰਾਂ ਦੀ ਚੱਕੀ ਵਿੱਚ ਪਿਸ ਰਹੇ ਹਨ ਪਰ ਉਹਨਾਂ ਦੀ ਰਾਖੀ ਕਰਨ ਅਤੇ ਅੱਤਿਆਚਾਰੀਆਂ ਨੂੰ ਸਜ਼ਾ ਦੇਣ ਲਈ ਕੋਈ ਦੇਵੀ-ਦੇਵਤਾ ਨਹੀਂ ਬਹੁੜਿਆ। ਜਿਉਂ ਹੀ ਸੰਵਿਧਾਨ ਲਾਗੂ ਹੋਇਆ ਤਾਂ ਅੱਤਿਆਚਾਰੀਆਂ ਨੂੰ ਕਟਹਿਰੇ ਵਿੱਚ ਖੜ੍ਹਾਇਆ ਜਾਣ ਲੱਗਿਆ। ਇਸ ਲਈ ਸੰਵਿਧਾਨ ਨੂੰ ਬਚਾਇਆ ਜਾਣਾ ਹੀ ਸਾਡੇ ਮਾਣ-ਸਨਮਾਨ ਅਤੇ ਅਧਿਕਾਰਾਂ ਦੀ ਰਾਖੀ ਕਰਨ ਦਾ ਵਚਨ ਹੈ।

# ਦੇਸ਼ ਦੇ ਅੱਗੇ ਵਧਣ ਦਾ ਸੱਚ



ਦਰਸ਼ਨ ਸਿੰਘ ਬਾਜਵਾ
(91-98783-83053)

ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਹਰ ਰੋਜ਼ ਦਿੱਤੇ ਜਾਂਦੇ ਭਾਸ਼ਨ ਵਿੱਚ ਸਰਕਾਰ ਦੀਆਂ ਤਾਰੀਫ਼ਾਂ ਹੁੰਦੀਆਂ ਹਨ ਅਤੇ ਦਰਸਾਇਆ ਜਾਂਦਾ ਹੈ ਕਿ ਪਿਛਲੀਆਂ ਸਭ ਸਰਕਾਰਾਂ ਨੇ ਦੇਸ਼ ਦੀ ਪ੍ਰਵਾਹ ਨਹੀਂ ਕੀਤੀ ਜਿਸ ਕਾਰਨ ਦੇਸ਼ ਤਰੱਕੀ ਨਹੀਂ ਕਰ ਸਕਿਆ ਅਤੇ ਵਿਕਸਤ ਦੇਸ਼ਾਂ ਦੇ ਮੁਕਾਬਲੇ ਨਹੀਂ ਆ ਸਕਿਆ, ਪਰ ਹੁਣ ਉਹਨਾਂ ਦੀ ਸਰਕਾਰ ਦੇ ਹੁੰਦਿਆਂ ਦੇਸ਼ ਲਗਾਤਾਰ ਅੱਗੇ ਵਧ ਰਿਹਾ ਹੈ। ਇਹ ਪੂਰੀ ਤਰ੍ਹਾਂ ਮੰਨਣਯੋਗ ਹੈ ਕਿ ਪ੍ਰਧਾਨ ਮੰਤਰੀ ਮੋਦੀ ਸਾਹਿਬ ਨੂੰ ਭਾਸ਼ਨ ਕਲਾ ਵਿੱਚ ਬਹੁਤ ਹੀ ਜ਼ਿਆਦਾ ਮੁਹਾਰਤ ਹਾਸਲ ਹੈ। ਉਹ ਆਪਣੇ ਭਾਸ਼ਨ ਵਿੱਚ ਕਿਸੇ ਵੀ ਗੱਲ ਨੂੰ ਇਸ ਤਰ੍ਹਾਂ ਪੇਸ਼ ਕਰਦੇ ਹਨ ਕਿ ਉਹਨਾਂ ਦੇ ਮੂੰਹੋਂ ਨਿੱਕਲੀ ਕੋਈ ਮਾਮੂਲੀ ਜਿਹੀ ਗੱਲ ਵੀ ਬਹੁਤ ਵੱਡੀ ਬਣ ਜਾਂਦੀ ਹੈ।

ਇਸ ਕਲਾ ਨੇ ਹੀ 2014 ਵਿੱਚ ਭਾਜਪਾ ਨੂੰ ਰਿਕਾਰਡ ਤੋੜ ਜਿੱਤ ਦਿਵਾਈ ਸੀ। ਉਹਨਾਂ ਦਾ ਭਾਸ਼ਨ ਸੁਣ ਕੇ ਹਰ ਨਾਗਰਿਕ ਸੋਚਣ ਲੱਗਦਾ ਹੈ ਕਿ ਦੇਸ਼ ਵਾਕਿਆ ਹੀ ਅੱਗੇ ਵਧ ਰਿਹਾ ਹੈ। ਪਰ ਲੱਛੇਦਾਰ ਭਾਸ਼ਨਾਂ ਨਾਲ਼ ਭੁੱਖੇ ਦਾ ਢਿੱਡ ਨਹੀਂ ਭਰ ਸਕਦਾ ਅਤੇ ਨਾ ਹੀ ਕਿਸੇ ਬੇਰੁਜ਼ਗਾਰ ਨੂੰ ਰੁਜ਼ਗਾਰ ਮਿਲ਼ ਸਕਦਾ ਹੈ। ਜਿਉਂ ਹੀ ਭਾਸ਼ਨ ਖਤਮ ਹੁੰਦਾ ਹੈ ਤਾਂ ਭਾਰਤੀਆਂ ਦੇ ਸਾਹਮਣੇ ਹਕੀਕਤ ਆਉਣੀ ਸ਼ੁਰੂ ਹੋ ਜਾਂਦੀ ਹੈ। ਇੱਕ ਪਾਸੇ ਭਾਰਤੀ ਜਨਤਾ ਪਾਰਟੀ ਦੇ ਮੁਖੀ ਅਮਿਤ ਸ਼ਾਹ ਦੇ ਬੇਟੇ ਜਯ ਸ਼ਾਹ ਸਮੇਤ ਹੋਰ ਭਾਜਪਾ ਨੇਤਾਵਾਂ ਦੇ ਕਾਰੂੰ ਦੇ ਖਜਾਨੇ ਵਾਂਗ ਲਗਾਤਾਰ ਵਧ ਰਹੇ ਖਜਾਨੇ ਅਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਵਰਗਿਆਂ ਦੇ ਬਿਆਨ ਵੀ ਪੜ੍ਹਦੇ ਸੁਣਦੇ ਹਾਂ ਕਿ ਜਯ ਸ਼ਾਹ ’ਤੇ ਲੱਗੇ ਦੋਸ਼ਾਂ ਦੀ ਜਾਂਚ ਨਹੀਂ ਹੋਵੇਗੀ।

ਦੂਸਰੇ ਪਾਸੇ ਗਰੀਬੀ ਤੇ ਭੁੱਖਮਰੀ ਦਾ ਸਾਹਮਣਾ ਕਰ ਰਹੇ ਭਾਰਤ ਦੇ ਲੋਕਾਂ ਦੀ ਅਸਲੀ ਤਸਵੀਰ ਵੀ ਸਾਹਮਣੇ ਆ ਰਹੀ ਹੈ। ਗਲੋਬਲ ਹੰਗਰ ਇੰਡੈਕਸ ਵਿੱਚ ਸਾਡਾ ਦੇਸ਼ ਪਹਿਲਾਂ ਨਾਲ਼ੋਂ ਹੇਠਾਂ ਖਿਸਕ ਗਿਆ ਹੈ। ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ ਦੇ ਮੁਤਾਬਕ ਏਸ਼ੀਆਈ ਦੇਸ਼ਾਂ ਵਿੱਚ ਭਾਰਤ ਦੀ ਸਥਿਤੀ ਸਭ ਤੋਂ ਮਾੜੀ ਹਾਲਤ ਵਾਲ਼ੇ ਦੇਸ਼ਾਂ ਪਾਕਿਸਤਾਨ ਅਤੇ ਬੰਗਲਾਦੇਸ਼ ਤੋਂ ਥੋੜ੍ਹੀ ਹੀ ਬਿਹਤਰ ਹੈ। ਇਸ ਮਾਮਲੇ ਵਿੱਚ ਭਾਰਤ ਦੀ ਪੁਜੀਸ਼ਨ 2014 ਵਿੱਚ 55ਵੇਂ ਸਥਾਨ ’ਤੇ ਸੀ ਜੋ ਕਿ ਹੁਣ ਹੇਠਾਂ ਖਿਸਕ ਕੇ 100ਵੇਂ ਨੰਬਰ ’ਤੇ ਪਹੁੰਚ ਗਈ ਹੈ।

ਪਾਕਿਸਤਾਨ 106ਵੇਂ ਅਤੇ ਅਫਗਾਨਿਸਤਾਨ 107ਵੇਂ ਸਥਾਨ ’ਤੇ ਹੈ। ਜੇਕਰ ਗੁਆਂਢੀ ਮੁਲਕ ਚੀਨ ਨੂੰ ਛੱਡ ਦੇਈਏ ਤਾਂ ਹੋਰ ਗੁਆਂਢੀ ਮੁਲਕਾਂ ਨੇਪਾਲ, ਮਿਆਂਮਾਰ ਅਤੇ ਸ਼੍ਰੀਲੰਕਾ ਦੀ ਪੁਜੀਸ਼ਨ ਵੀ ਸਾਡੇ ਦੇਸ਼ ਤੋਂ ਬਿਹਤਰ ਹੈ। ਇਸ ਮੁਤਾਬਕ ਨੇਪਾਲ 72ਵੇਂ ਨੰਬਰ ’ਤੇ ਹੈ, ਮਿਆਂਮਾਰ 77ਵੇਂ ਨੰਬਰ ’ਤੇ ਅਤੇ ਸ਼੍ਰੀਲੰਕਾ 84ਵੇਂ ਨੰਬਰ ’ਤੇ ਹੈ। ਇਸ ਰਿਪੋਰਟ ਨੇ ਸਾਨੂੰ ਸ਼ੀਸ਼ਾ ਦਿਖਾ ਦਿੱਤਾ ਹੈ ਕਿ ਸਾਡਾ ਦੇਸ਼ ਕਿੱਧਰ ਨੂੰ ਜਾ ਰਿਹਾ ਹੈ।

ਮੇਰੇ ਸਾਹਮਣੇ ਖਾਂਦੇ-ਪੀਂਦੇ ਸੂਬੇ ਪੰਜਾਬ ਦੇ ਮੌੜ ਮੰਡੀ ਦੀ ਇੱਕ ਖਬਰ ਪਈ ਹੈ 17 ਅਗਸਤ ਦੀ। ਇਸ ਵਿੱਚ ਦੱਸਿਆ ਗਿਆ ਹੈ ਕਿ ਮੌੜ ਕਲਾਂ ਦੇ ਇੱਕ ਨਬਾਲਗ ਲੜਕੇ ਨੂੰ ਆਪਣੇ ਪਿਤਾ ਦੀ ਮੌਤ ਪਿੱਛੋਂ ਆਰਥਿਕ ਤੰਗੀ ਕਾਰਨ ਉਸਦਾ ਸੰਸਕਾਰ ਕਰਨ ਵਿੱਚ ਸਮਰੱਥ ਨਾ ਹੋਣ ਕਾਰਨ ਪਿਤਾ ਦੀ ਲਾਸ਼ ਨੂੰ ਘਰ ਵਿੱਚ ਹੀ ਟੋਆ ਪੁੱਟ ਕੇ ਦਬਾਉਣ ਲਈ ਮਜ਼ਬੂਰ ਹੋਣਾ ਪਿਆ। ਮ੍ਰਿਤਕ ਸੁਰਜੀਤ ਸਿੰਘ ਹੋਮ ਗਾਰਡ ਵਿੱਚ ਸਰਵਿਸ ਕਰਦਾ ਸੀ ਪਰ ਦਿਮਾਗੀ ਪ੍ਰੇਸ਼ਾਨੀ ਕਾਰਨ ਉਸਨੂੰ ਹਟਾ ਦਿੱਤਾ ਗਿਆ ਸੀ। ਇਸ ਕਰਕੇ ਪਰਿਵਾਰ ਅੱਗੇ ਰੋਜ਼ੀ ਰੋਟੀ ਦਾ ਸੰਕਟ ਆ ਖੜ੍ਹਾ ਹੋਇਆ। ਉਸਦੇ ਨਬਾਲਗ ਬੱਚੇ ਨੂੰ ਪਰਿਵਾਰ ਦੀ ਜ਼ੁੰਮੇਂਵਾਰੀ ਚੁੱਕਣੀ ਪਈ। ਪਰਿਵਾਰ ਕੋਲ਼ ਆਪਣਾ ਘਰ ਵੀ ਨਹੀਂ ਸੀ। ਇਸ ਲਈ ਪਰਿਵਾਰ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਸੀ। ਮਕਾਨ ਦਾ ਕਿਰਾਇਆ ਹੀ ਉਸ ਨਬਾਲਗ ਬੱਚੇ ਦਾ ਲੱਕ ਤੋੜ ਦਿੰਦਾ ਹੋਵੇਗਾ। ਇਸ ਲਈ ਜਦੋਂ ਸੁਰਜੀਤ ਸਿੰਘ ਦੀ ਮੌਤ ਹੋਈ ਤਾਂ ਉਸਦੇ ਬੇਟੇ ਕੋਲ਼ ਸ਼ਾਇਦ ਇੰਨੇ ਪੈਸੇ ਵੀ ਨਹੀਂ ਸਨ ਕਿ ਉਹ ਉਸਦਾ ਅੰਤਮ ਸੰਸਕਾਰ ਵੀ ਰਵਾਇਤੀ ਤਰੀਕੇ ਨਾਲ਼ ਕਰ ਸਕਦਾ। ਇਸ ਲਈ ਉਸ ਨੇ ਆਪਣੇ ਪਿਤਾ ਦੀ ਲਾਸ਼ ਨੂੰ ਘਰ ਵਿੱਚ ਹੀ ਟੋਆ ਪੁੱਟ ਕੇ ਦਬਾ ਦਿੱਤਾ।

ਇਸੇ ਤਰ੍ਹਾਂ ਹੀ ਇੱਕ ਹਿਰਦੇ ਵਲੂੰਧਰਨ ਵਾਲ਼ੀ ਤਾਜ਼ਾ ਖਬਰ ਹੈ ਝਾਰਖੰਡ ਦੇ ਪਿੰਡ ਸਿਮਡੇਗਾ ਦੀ ਜਿੱਥੇ ਗਿਆਰਾਂ ਸਾਲ ਦੀ ਸੰਤੋਸ਼ੀ ਦੀ 28 ਸਤੰਬਰ ਨੂੰ ਭੁੱਖ ਨਾਲ਼ ਮੌਤ ਹੋ ਗਈ। ਸੰਤੋਸ਼ੀ ਨੂੰ ਭੋਜਨ ਨਾ ਮਿਲਣ ਦੀ ਵਜ੍ਹਾ ਹੋਰ ਵੀ ਜ਼ਿਆਦਾ ਹੈਰਾਨ ਕਰਨ ਵਾਲ਼ੀ ਹੈ।

ਦਰਅਸਲ ਸਰਕਾਰ ਨੇ ਹਰ ਚੀਜ਼ ਨੂੰ ਅਧਾਰ ਕਾਰਡ ਨਾਲ਼ ਲਿੰਕ ਕਰਨ ਦੀ ਯੋਜਨਾ ਸ਼ੁਰੂ ਕੀਤੀ ਹੋਈ ਹੈ। ਪਰਿਵਾਰ ਦਾ ਰਾਸ਼ਨ ਕਾਰਡ ਅਧਾਰ ਕਾਰਡ ਨਾਲ਼ ਲਿੰਕ ਨਾ ਹੋਣ ਕਾਰਨ ਸੰਤੋਸ਼ੀ ਦੇ ਪਰਿਵਾਰ ਦਾ ਰਾਸ਼ਨ ਕਾਰਡ ਛੇ ਮਹੀਨੇ ਪਹਿਲਾਂ ਰੱਦ ਕਰ ਦਿੱਤਾ ਗਿਆ ਸੀ। ਜਿਸ ਕਰਕੇ ਪਰਿਵਾਰ ਨੂੰ ਉਦੋਂ ਤੋਂ ਰਾਸ਼ਨ ਨਹੀਂ ਮਿਲ ਰਿਹਾ ਸੀ। ਜਿਸ ਨਾਲ਼ ਘਰ ਵਿੱਚ ਭੁੱਖਮਰੀ ਦੀ ਨੌਬਤ ਆ ਗਈ। ਕਿੰਨੇ ਅਫਸੋਸ ਦੀ ਗੱਲ ਹੈ ਕਿ ਲਗਾਤਾਰ ਅੱਠ ਦਿਨਾਂ ਤੱਕ ਖਾਣਾ ਨਾ ਮਿਲਣ ਕਰਕੇ 28 ਸਤੰਬਰ ਨੂੰ ਉਸ ਮਸੂਮ ਲੜਕੀ ਨੇ ਦਮ ਤੋੜ ਦਿੱਤਾ।

ਸੰਤੋਸ਼ੀ ਦੇ ਪਰਿਵਾਰ ਕੋਲ਼ ਆਮਦਨ ਦਾ ਕੋਈ ਪੱਕਾ ਸਾਧਨ ਨਹੀਂ ਸੀ। ਪਰਿਵਾਰ ਦੇ ਕੋਲ਼ ਕੋਈ ਥੋੜ੍ਹੀ-ਬਹੁਤੀ ਵੀ ਜ਼ਮੀਨ ਨਹੀਂ ਜਿਸ ’ਤੇ ਉਹ ਆਪਣੀ ਪੇਟ ਪੂਰਤੀ ਖਾਤਰ ਅਨਾਜ ਉਗਾ ਸਕੇ। ਪੂਰਾ ਪਰਿਵਾਰ ਨੈਸ਼ਨਲ ਫੂਡ ਸਕਿਓਰਿਟੀ ਦੇ ਤਹਿਤ ਮਿਲਣ ਵਾਲ਼ੇ ਭੋਜਨ ’ਤੇ ਆਸਰਿਤ ਸੀ। ਜਿਉਂ ਹੀ ਪ੍ਰਧਾਨ ਮੰਤਰੀ ਦੀ ਯੋਜਨਾ ਅਨੁਸਾਰ ਰਾਸ਼ਨ ਕਾਰਡ ਨੂੰ ਅਧਾਰ ਕਾਰਡ ਨਾਲ਼ ਲਿੰਕ ਨਾ ਕਰਵਾਏ ਜਾਣ ਕਰਕੇ ਪਰਿਵਾਰ ਨੂੰ ਰਾਸ਼ਨ ਮਿਲਣਾ ਬੰਦ ਹੋ ਗਿਆ ਤਾਂ ਪਰਿਵਾਰ ਭੁੱਖਾ ਮਰਨ ਲੱਗਿਆ।

ਮਰਨ ਵਾਲ਼ੀ ਅਭਾਗੀ ਲੜਕੀ ਸੰਤੋਸ਼ੀ ਜਦੋਂ ਸਕੂਲ ਜਾਂਦੀ ਸੀ ਤਾਂ ਉਸਨੂੰ ਇੱਕ ਟਾਇਮ ਦੀ ਲੋੜ ਜੋਗਾ ਖਾਣਾ ਮਿਲ ਜਾਂਦਾ ਸੀ। ਜਿਸ ਦੇ ਸਹਾਰੇ ਉਹ ਜਿਉਂਦੀ ਆ ਰਹੀ ਸੀ। ਮਰਨ ਪਿੱਛੋਂ ਉਸਦੀ ਮਾਂ ਕੋਇਲੀ ਦੇਵੀ ਨੇ ਦੱਸਿਆ ਕਿ ਦੁਰਗਾ ਪੂਜਾ ਦੀਆਂ ਛੁੱਟੀਆਂ ਦੇ ਚਲਦਿਆਂ ਸਕੂਲ ਬੰਦ ਹੋ ਗਿਆ ਸੀ। ਜਿਸ ਕਰਕੇ ਸੰਤੋਸ਼ੀ ਨੂੰ ਉੱਥੋਂ ਮਿਲਣ ਵਾਲ਼ਾ ਮਿਡ ਡੇ ਮੀਲ ਨਹੀਂ ਮਿਲ ਸਕਿਆ। ਕੋਇਲੀ ਦਾ ਕਹਿਣਾ ਸੀ ਮੇਰੀ ਬੱਚੀ ਭਾਤ ਭਾਤ (ਚਾਵਲ) ਕਹਿੰਦੇ ਅੱਠ ਦਿਨਾਂ ਤੱਕ ਭੁੱਖ ਨਾਲ਼ ਘੁਲ਼ ਕੇ ਆਖਰ ਮਰ ਗਈ। ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਾਲ਼ੇ ਸੂਬੇ ਵਿੱਚ ਭੁੱਖ ਨਾਲ਼ ਮਰਨ ਵਾਲ਼ੀ ਇਹ ਪਹਿਲੀ ਬੱਚੀ ਨਹੀਂ। ਉੱਤੋਂ ਸਿਤਮਜਰੀਫ਼ੀ ਇਹ ਹੈ ਕਿ ਇਸ ਬੱਚੀ ਦੀ ਮਾਂ ਨੂੰ ਅਸਲੀਅਤ ਦੱਸਣ ਦੇ ਦੋਸ਼ ਵਿੱਚ ਪਿੰਡ ਦੇ ਸਰਪੰਚ ਅਤੇ ਡਿੱਪੂਦਾਰ ਨੇ ਕੁੱਟ-ਮਾਰ ਕਰਕੇ ਪਿੰਡ ਵਿੱਚੋਂ ਕੱਢ ਦਿੱਤਾ ਹੈ। ਅਜੇ ਹੋਰ ਪਤਾ ਨਹੀਂ ਕੀ ਕੀ ਦੇਖਣਾ ਪਏਗਾ।

# ਟੈਕਸ ਤੇ ਟੋਲ ਦੀ ਲੋਕਾਂ ਤੇ ਪੈ ਰਹੀ ਦੂਹਰੀ ਮਾਰ



ਨਵਜੋਤ ਬਜਾਜ (ਗੱਗੂ)
91-98721-02614

ਪੂਰੇ ਦੇਸ ਅੰਦਰ ਟੈਕਸ ਤੇ ਟੋਲ ਲੋਕਾ ਦੀ ਸਹੂਲਤ ਲਈ ਲਗਾਏ ਜਾਦੇ ਸਨ ਪਰ ਅੱਜ ਇਹਨਾਂ ਦਾ ਸਹਾਰਾ ਸੂਬੇ ਦਾ ਖਜਾਨਾ ਭਰਨ ਲਈ ਲਿਆ ਜਾ ਰਿਹਾ ਹੈ। ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਤੇ ਅਣਦਿਸਦਾ ਕਟਰ ਲਗਾਇਆ ਜਾ ਰਿਹਾ ਹੈ।ਗੱਲ ਪੰਜਾਬ ਦੇ ਟੋਲ ਪਲਾਜਾ ਦੀ ਕਰੀਏ ਤਾਂ ਇਹਨਾਂ ਦੀ ਗਿਣਤੀ ਇਸ ਸਾਲ ਦੇ ਆਖੀਰ ਤੱਕ 30 ਦੇ ਕਰੀਬ ਹੋ ਜਾਏਗੀ, ਜਦੋ ਕਿ ਰਾਸਟਰੀ ਮਾਰਗ ਤੇ 7 ਟੋਲ ਪਲਾਜੇ ਵੱਖਰੇ ਰੂਪ ਵਿੱਚ ਚੱਲ ਰਹੇ ਹਨ। ਰਾਜ ਦੇ ਟਰਾਸਪੋਰਟ ਵਿਭਾਗ ਵੱਲੋ ਵਾਹਨ ਚਾਲਕਾ ਕੋਲੋ ਪੰਦਰਾ ਸਾਲ ਦਾ ਰੋਡ ਟੈਕਸ ਭਰਵਾਇਆ ਜਾਦਾ ਹੈ। ਜਿਸ ਨੂੰ ਮੋਟਰ ਵਹੀਕਲ ਟੈਕਸ ਦਾ ਨਾਮ ਦਿੱਤਾ ਜਾਦਾ ਹੈ ਤੇ ਦੁਬਾਰਾ ਫਿਰ ਲੋਕਾਂ ਕੋਲੋ ਸੜਕ ਤੇ ਵਹੀਕਲ ਚਲਾਉਣ ਦਾ ਵੱਖਰਾ ਟੈਕਸ ਟੋਲ ਪਲਾਜਾ ਦੇ ਰੂਪ ਵਿੱਚ ਲਿਆ ਜਾਦਾ ਹੈ। ਜਿਲਾ ਮੋਗਾ ਤੋ ਲੈ ਕੇ ਕੋਟਕਪੁਰਾ ਸਹਿਰ ਤੱਕ ਤਕਰੀਬਨ 48 ਕਿਲੋਮੀਟਰ ਦਾ ਸਫਰ ਬਣਦਾ ਹੈ।

ਇਸ ਦੇ ਵਿਚਕਾਰ ਆਉਦੇ ਸਹਿਰ ਬਾਘਾਪੁਰਾਣਾ ਤੋ ਮੋਗਾ ਤੱਕ 20 ਕਿਲੋ ਮੀਟਰ ਦਾ ਸਫਰ ਬਣਦਾ ਹੈ ਪਰ ਵਾਹਨ ਚਾਲਕਾ ਨੂੰ 74 ਰੁਪੈ ਟੋਲ ਟੈਕਸ ਦੇ ਰੂਪ ਵਿੱਚ ਦੇਣੇ ਪੈਦੇ ਹਨ।ਇਸ ਟੋਲ ਤੇ ਰੋਜਾਨਾ ਕਰੀਬ 10 ਲੱਖ ਤੋ ਵੱਧ ਆਮਦਨ ਹੁੰਦੀ ਹੈ।ਇਹਨਾਂ ਜਿਆਦਾ ਪੈਸਾ ਕਿਥੇ ਜਾਦਾ ਹੈ ਨਾ ਤਾਂ ਆਮ ਇਨਸਾਨ ਸਰਕਾਰ ਤੋ ਪੁੱਛ ਸਕਦਾ ਹੈ ਤੇ ਨਾ ਹੀ ਇਸ ਦੇ ਠੇਕੇਦਾਰ ਤੋ ਪੁੱਛ ਸਕਦਾ ਹੈ।

ਸੰਗਰੂਰ ਜਿਲੇ ਦੇ ਖਨੋਰੀ ਤੋ ਲੈ ਕੇ ਲੁਧਿਆਣਾ ਸਹਿਰ ਤੱਕ 4 ਟੋਲ ਪਲਾਜੇ ਲੱਗ ਰਹੇ ਹਨ।ਬਠਿੰਡਾ ਤੋ ਚੰਡੀਗੜ੍ਹ ਤੱਕ ਛੇ ਟੋਲ ਪਲਾਜਿਆ ਦਾ ਚਲਾਕਾ ਨੂੰ ਬੋਝ ਝੱਲਣਾ ਪਵੇਗਾ।ਸਤਲੁਜ ਦਰਿਆ ਨੇੜੇ ਚੱਲ ਰਹੇ ਟੋਲ ਪੁਲਾਜੇ ਨੂੰ ਰੋਜਾਨਾ 40 ਲੱਖ ਰੁਪੈ ਤੋ ਵੱਧ ਆਮਦਨ ਹੈ। ਟੋਲ ਪਲਾਜਾ ਦੀਆ ਪਰਚੀਆਂ ਦੀਆਂ ਦਰਾ ਵਿੱਚ ਹਰ ਸਾਲ ਵਾਧਾ ਕੀਤਾ ਜਾਦਾ ਹੈ।ਅੱਜ ਟੋਲ ਪਲਾਜਾ ਲੋਕਾਂ ਲਈ ਆਰਥਿਕ ਮੰਦੀ ਦੇ ਦੌਰ ਵਿੱਚ ਪ੍ਰੇਸਾਨੀ ਦਾ ਸਬੱਬ ਬਣੇ ਹੋਏ ਹਨ।ਭਵਾਨੀਗੜ ਨੇੜੇ ਪਿੰਡ ਕਾਲਾਝਾੜ ਵਿਖੇ ਲੱਗੇ ਹੋਏ ਟੋਲ ਪਲਾਜਾ ਦੀ ਪਰਚੀ ਸਭ ਤੋ ਵੱਧ ਪ੍ਰਤੀ ਕਾਰ ਦੇ ਤਕਰੀਬਨ 180/ਰੁਪੈ ਹੈ।

ਟਰਾਸਪੋਰਟ ਵਿਭਾਗ ਵੱਲੋ ਵਾਹਨ ਚਾਲਕਾਂ ਕੋਲੋ ਸੜਕ ਤੇ ਚੱਲਣ ਦਾ ਟੈਕਸ ਲਿਆ ਜਾਂਦਾ ਹੈ। ਜਿਸ ਵਿੱਚ ਮੋਟਰ ਸਾਈਕਲ ਦੇ ਮਾਲਕ ਕੋਲੋ 15 ਸਾਲ ਦਾ ਤਿੰਨ ਤੋ ਲੈ ਕੇ ਪੰਜ ਹਜਾਰ ਰੁਪੈ ਤੱਕ, ਕਾਰ ਵਾਲੇ ਤੋ ਮੁੱਲ ਕੀਮਤ ਦਾ 8 ਪ੍ਰਤੀਸਤ ਮਤਲਬ ਕਿ ਪੰਜ ਲੱਖ ਰੁਪੈ ਵਾਲੀ ਕਾਰ ਦਾ ਤਕਰੀਬਨ 40,000/ਰੁਪੈ ਅਤੇ ਇਸ ਤੋ ਵੱਧ ਮੁੱਲ ਵਾਲੀ ਕਾਰ ਦਾ ਉਸੇ ਤਰਾਂ ਦੇ ਹਿਸਾਬ ਨਾਲ ਸੜਕ ਦਾ ਟੈਕਸ ਭਰਵਾਇਆ ਜਾਂਦਾ ਹੈ।

ਟਾਟਾ ਏਸ (ਛੋਟਾ ਹਾਥੀ), ਕੈਂਟਰ ਹੋਰ ਨਿੱਕੀਆ ਮੋਟੀਆ ਗੱਡੀਆਂ ਤਮਾਹੀ ਟੈਕਸ 1750/ਰੁਪੈ ਤੋ ਲੈ ਕੇ ਲਗਭਗ 2500/ਰੁਪੈ ਤੱਕ ਭਰਦੀਆ ਹਨ। ਜੋ ਹਰ ਇੱਕ ਇਨਸਾਨ ਨੂੰ ਦੇਣਾ ਹੀ ਪੈਦਾ ਹੈ ਬੇਸੱਕ ਉਸ ਵਿਅਕਤੀ ਦਾ ਕਾਰੋਬਾਰ ਘਾਟੇ ਵਿੱਚ ਹੀ ਜਾ ਰਿਹਾ ਹੋਵੇ।ਇੰਨਾਂ ਜਿਆਦਾ ਟੈਕਸ ਦੇ ਕੇ ਲੋਕ ਫਿਰ ਟੋਲ ਟੈਕਸ ਕਾਹਦੇ ਲਈ ਦੇਣ, ਰੋਡ ਲਈ ਜਾਂ ਸਰਕਾਰੀ ਖਜਾਨਾ ਭਰਨ ਲਈ ।ਇਸ ਨਾਲ ਸਵੈ ਰੁਜਗਾਰ ਤੇ ਵੀ ਬੁਰਾ ਅਸਰ ਪੈਦਾ ਹੈ ਕਿਉਕਿ ਲੱਖਾ ਲੋਕ ਨੌਕਰੀ ਲਈ ਥਾਂ ਥਾਂ ਤੇ ਧੱਕੇ ਖਾ ਰਹੇ ਹਨ ਤੇ ਆਪਣਾ ਕਾਰੋਬਾਰ ਕਰਨ ਲਈ ਸਰਕਾਰ ਬਣਦਾ ਯੋਗਦਾਨ ਨਹੀ ਦੇ ਰਹੀ।

ਟਰੱਕ ਮਾਲਕਾ ਕੋਲੋ ਤਕਰੀਬਨ 7000/ਰੁਪੈ ਸਲਾਨਾ ਅਤੇ ਬੱਸਾ ਦੇ ਮਾਲਕਾ ਕੋਲੋ ਵੀ ਇਸੇ ਤਰਾਂ ਹੀ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਟੈਕਸ ਭਰਵਾਇਆ ਜਾਦਾ ਹੈ।ਜਦੋ ਕਿ ਟੋਲ ਪਲਾਜੇ ਦੀਆ ਵੱਖ ਵੱਖ ਦੂਰੀਆ ਅਤੇ ਕੀਮਤ ਮੁਤਾਬਿਕ ਪਰਚੀ ਵੱਖਰੇ ਵੱਖਰੇ ਤੌਰ ਤੇ ਕਟਾਉਣੀ ਪੈਦੀ ਹੈ।ਟੋਲ ਪਲਾਜੇ ਦੇ ਇਸ ਖਰਚੇ ਨੂੰ ਅੰਦਾਜੇ ਨਾਲ ਜੋੜਿਆ ਜਾਵੇ ਤਾਂ ਇੱਕ ਕਾਰ ਦੇ ਮਾਲਕ ਨੂੰ ਪੰਦਰਾ ਸਾਲਾ ਤੱਕ ਦੋ ਲੱਖ 70 ਹਜਾਰ ਰੁਪੈ ਟੋਲ ਦੇਣਾ ਪੈਦਾ ਹੈ।ਇਹਨਾਂ ਦੀ ਠੇਕੇ ਦਾਰੀ 20 ਤੋ 25 ਸਾਲ ਤੱਕ ਹੁੰਦੀ ਹੈ।ਪੰਜਾਬ ਅੰਦਰ ਟੋਲਾ ਦਾ ਦੋਰ 2005 ਦੇ ਕਰੀਬ ਸੁਰੂ ਹੋਇਆ ਅਤੇ ਇਸ ਸਮੇ ਦੌਰਾਨ ਬਣੇ ਟੋਲ ਨੂੰ 2020 ਤੋ 2025 ਤੱਕ ਚਲਾਇਆ ਜਾਣਾ ਹੈ।

ਜੇਕਰ ਪੰਜਾਬ ਸਰਕਾਰ ਪਹਿਲਾ ਹੀ ਲੋਕਾ ਕੋਲੋ ਰੋਡ ਟੈਕਸ਼ ਦੇ ਰੂਪ ਵਿੱਚ ਪੈਸੇ ਲੈ ਰਹੀ ਹੈ ਤਾਂ ਟੋਲ ਟੈਕਸ ਦੇ ਰੂਪ ਵਿੱਚ ਪਰਚੀ ਨੀ ਲੱਗਣੀ ਚਾਹੀਦੀ ਜਾ ਫਿਰ ਰੋਡ ਟੈਕਸ ਲੈਣਾ ਬੰਦ ਕਰਨਾ ਚਾਹੀਦਾ ਹੈ ਤਾਂ ਕਿ ਪੰਜਾਬ ਦੇ ਲੋਕ ਦੂਹਰੇ ਟੈਕਸ ਦੀ ਮਾਰ ਤੋ ਬਚ ਸਕਣ।

ਲੋਕ ਸਰਕਾਰ ਲਈ ਨਹੀ ਸਰਕਾਰਾ ਲੋਕਾ ਲਈ ਬਣਦੀਆ ਹਨ ਇਸ ਲਈ ਸਰਕਾਰ ਨੂੰ ਇਸ ਵਿਸੇ ਤੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

## ‘ਨਵੀਆਂ ਲੀਹਾਂ ਪਾਉਣ ਆਗੂ’



ਲੋਕਤੰਤਰ ਵਿਚ ਜਿਹੜਾ ਵੀ ਜਿੱਤ ਜਾਵੇ,
ਉਹਨੂੰ ਮਿਲਣੇ ਚਾਹੀਦੇ ਬਣਦੇ ਹੱਕ ਯਾਰੋ
!
ਸਰਕਾਰ ਸਨਮਾਨ ਕਰੇ ਲੋਕ ਫਤਵੇ ਦਾ,
ਵੇਖ ਵਿਰੋਧੀਆਂ ਨੂੰ ਚਾੜ੍ਹੇ ਨਾ ਨੱਕ ਯਾਰੋ!

ਸਤਾਧਾਰੀ ਤੇ ਵਿਰੋਧੀ ਰਲ-ਮਿਲ ਸਾਰੇ,
ਜੜ੍ਹਾਂ ਸਮੱਸਿਆਵਾਂ ਦੀਆਂ ਦੇਣ ਪੱਟ ਯਾਰੋ!

ਮੇਜਰ ਹੁਣ ਨਵੀਆਂ ਲੀਹਾਂ ਪਾਉਣ ਆਗੂ,
ਨੁਕਸਾਨ ਦੇਹ ਨੀਤੀਆਂ ਤੋਂ ਹੱਟ ਯਾਰੋ!

– ਮੇਜਰ ਸਿੰਘ ’ਬੁਢਲਾਡਾ’
94176 42327

## ਵੰਡੀ

ਮੱਥੇ ’ਤੇ ਨਾ ਹਿੰਦੂ ਲਿਖਿਆ, ਨਾ ਲਿਖਿਆ ਸਿੱਖ ਈਸਾਈ ਏ
ਮਾਨਵਤਾ ਦੇ ਦੁਸ਼ਮਣਾਂ ਹੀ, ਵੰਡੀ ਇਹੋ ਜਿਹੀ ਪਾਈ ਏ।

ਖ਼ੂਨ ਰੰਗ ਵੱਖਰਾ ਨਾ ਕੋਈ, ਬੁੱਧੀ ਮਾਨਵ ਦੀ ਕਾਹਤੋਂ ਖੋਈ,
ਇੱਕ ਦੂਜੇ ਤੋਂ ਵੱਡੇ ਹੋਣ ਦੀ, ਨਾਸ਼ਾਂ ਵਿੱਚੋਂ ਨਲੀ ਹੈ ਚੋਈ,
ਇਕ ਪਿਤਾ ਦੇ ਧੀਆਂ-ਪੁੱਤਰ, ਆਪਸ ਵਿੱਚ ਭਾਈ-ਭਾਈ ਏ।
ਮਾਨਵਤਾ ਦੇ ਦੁਸ਼ਮਣਾਂ ਹੀ, ਵੰਡੀ ਇਹੋ ਜਿਹੀ ਪਾਈ ਏ।

ਪਹਿਨ ਕੇ ਚੋਲਾ ਜਾਤਾਂ ਵਾਲਾ, ਮਾਨਵਤਾ ਗਈ ਖੋਈ,
ਇਸ ਭੈੜੀ ਅਣਹੋਣੀ ਉੱਤੇ, ਇਨਸਾਨੀਅਤ ਭੁੱਬੀਂ ਰੋਈ,
ਇਕ ਦੂਜੇ ਨੂੰ ਬੱਕਰਾ ਸਮਝਣ, ਬਣ ਗਏ ਸਭ ਕਸਾਈ ਏ।
ਮਾਨਵਤਾ ਦੇ ਦੁਸ਼ਮਣਾਂ ਹੀ, ਵੰਡੀ ਇਹੋ ਜਿਹੀ ਪਾਈ ਏ।

ਬਾਣੀ ਰੂਪ ਵਿੱਚ ਚਾਨਣ ਵਾਲੀ, ਗੁਰੂਆਂ ਨੇ ਦਿੱਤੀ ਲੋਈ,
ਪਰਸ਼ੋਤਮ ਆਖੇ ਰਮਝ ਉਨਾਂ ਦੀ, ਸਮਝ ਨਾ ਸਕਿਆ ਕੋਈ,
ਬੰਦਿਆਂ ਨੇ ਤੂੰ-ਹੀ-ਤੂੰ ਭੁੱਲ ਕੇ, ਮੈਂ-ਮੈਂ ਦੀ ਰੱਟ ਲਾਈ ਏ।
ਮਾਨਵਤਾ ਦੇ ਦੁਸ਼ਮਣਾਂ ਹੀ, ਵੰਡੀ ਇਹੋ ਜਿਹੀ ਪਾਈ ਏ।

ਕੋਈ ਨਾ ਉੱਚਾ ਕੋਈ ਨਾ ਨੀਵਾਂ, ਗੁਰੂਆਂ ਨੇ ਸਮਝਾਇਆ,
ਕੂੜ ਦਿਲਾਂ ’ਤੇ ਭਾਰੂ ਜਿਸਨੇ ਅਕਲ ’ਤੇ ਪਰਦਾ ਪਾਇਆ,
ਇਸ ਗੱਲ ਨੂੰ ਸਮਝ ਨਾ ਸਕਿਆ, ਕੋਈ ਵੀ ਮਾਈ-ਭਾਈ ਏ।
ਮਾਨਵਤਾ ਦੇ ਦੁਸ਼ਮਣਾਂ ਹੀ, ਵੰਡੀ ਇਹੋ ਜਿਹੀ ਪਾਈ ਏ।

ਪਰਸ਼ੋਤਮ ਲਾਲ ਸਰੋਏ (91-92175-44348)

## ਮਿੰਨੀ ਕਹਾਣੀ

## ਡੀ ਜੇ

ਸਲਾਨਾ ਪੇਪਰ ਚਲ ਰਹੇ ਸਨ। ਸ਼ੋਰ ਸ਼ਰਾਬੇ ਨਾਲ ਵਿਦਿਆਰਥੀਆਂ ਦੀ ਪੜਾਈ ਦੇ ਨੁਕਸਾਨ ਤਾੜਦਿਆਂ ਡਿਪਟੀ ਕਮਿਸ਼ਨ ਨੇ ਪਾਬੰਦੀ ਲਾ ਦਿੱਤੀ। ਜ਼ਿਲੇ ਭਰ ਵਿੱਚ ਉਚੀ ਅਵਾਜ਼ ਵਿੱਚ ਲਾਊਡ ਸਪੀਕਰ ਲਾਉਣ ਤੇ, ਡੀ.ਜੇ ਵਜਾਉਣ ਤੇ। ਇੱਕ ਦਿਨ ਰਾਤ ਦੇ ਗਿਆਰਾਂ ਵਜੇ। ਅਚਾਨਕ ਘੰਟੀ ਖੜਕੀ ਪੁਲਿਸ ਦੇ ਕੰਟਰੋਲ ਰੂਮ ਦੀ। ਹਾਜ਼ਰ ਮੁਲਾਜ਼ਿਮ ਨੇ ਫੋਨ ਚੁੱਕਿਆ। ਅੱਗੋਂ ਡੀ.ਸੀ. ਸਾਹਿਬ ਬੋਲੇ। ਫਲਾਣੇ ਏਰੀਏ ’ਚ ਡੀ.ਜੇ. ਵੱਜ ਰਿਹਾ ਹੈ। ਫੌਰੀ ਬੰਦ ਕਰਾਓ। ਸਖਤ ਕਾਨੂੰਨੀ ਕਾਰਵਾਈ ਕਰੋ। ਦੋ ਮੁਲਾਜ਼ਿਮ ਗਏ। ਪਰ ਜਲਦੀ ਹੀ ਵਾਪਸ ਪਰਤ ਆਏ।

ਅੱਧੇ ਘੰਟੇ ਪਿਛੋਂ ਡੀ.ਸੀ. ਸਾਹਿਬ ਦਾ ਦੁਬਾਰਾ ਫੋਨ ਆਇਆ। ਪਈ ਡੀ.ਜੇ. ਬੰਦ ਕਿਉਂ ਨਹੀਂ ਹੋਇਆ? ਫੌਰੀ ਐਕਸ਼ਨ ਕਰੋ? ਐਂਤਕੀ ਵੱਡਾ ਥਾਣੇਦਾਰ ਖੁਦ ਗਿਆ। ਫੁੱਲ ਫੋਰਸ ਲੈ ਕੇ। ਡੀ.ਜੇ. ਵਾਲਿਆਂ ਨੂੰ ਹੁਕਮ ਦਿੱਤਾ ਕਿ ਡੀ.ਸੀ. ਸਾਹਿਬ ਦਾ ਹੁਕਮ ਹੈ। ਡੀ.ਜੇ ਫੋਰਨ ਬੰਦ ਕੀਤਾ ਜਾਵੇ। ਡੀ.ਜੇ. ਵਜਾਉਣ ਵਾਲਿਆਂ ਨੇ ਆਕੜ ਨਾਲ ਜਵਾਬ ਦਿੱਤਾ। ਮੰਤਰੀ ਸਾਹਿਬ ਦੇ ਪੀ.ਏ. ਘਸੀਟਾ ਰਾਮ ਦੇ ਘਰ ਡੀ.ਜੇ. ਵੱਜ ਰਿਹਾ ਹੈ ਜੇ ਉਨ੍ਹਾਂ ਵਿੱਚ ਹਿੰਮਤ ਹੈ ਤਾਂ ਬੰਦ ਕਰਵਾ ਦੇਣ। ਥਾਣੇਦਾਰ ਸਾਹਿਬ ਨੇ ਡਿਪਟੀ ਕਸ਼ਿਨਰ ਸਾਹਿਬ ਨੂੰ ਇਤਲਾਹ ਦੇ ਦਿੱਤੀ ਤੇ ਉਸ ਰਾਤ ਕੰਟਰੋਲ ਰੂਮ ਦੀ ਘੰਟੀ ਦੁਬਾਰਾ ਤਾਂ ਨਾ ਵੱਜੀ ਪਰ ਡੀ.ਜੇ. ਜ਼ਰੂਰ ਵੱਜਦਾ ਰਿਹਾ। ਹੋਰ ਉੱਚੀ ਅਵਾਜ਼ ਵਿੱਚ ਸਾਰੀ ਰਾਤ।

ਡਾ. ਯੂਸਫ (98141-28546)

## ਸਰੀਰਕ ਤੰਦਰੁਸਤੀ ਲਈ ਜ਼ਰੂਰੀ ਹੈ ਤੇਲ ਮਾਲਿਸ਼

ਤੇਲ ਮਾਲਿਸ਼ ਪੁਰਾਤਨ ਇਲਾਜ ਪ੍ਰਣਾਲੀ ਅਯੁਰਵੇਦ ਦਾ ਹੀ ਇੱਕ ਅਹਿਮ ਅੰਗ ਹੈ। ਸਰੀਰ ਨੂੰ ਤੰਦਰੁਸਤ, ਸੋਹਣਾ ਅਤੇ ਦਿਲਕਸ਼ ਬਣਾਉਣ ਦੇ ਲਈ ਮਾਲਿਸ਼ ਦਾ ਪ੍ਰਯੋਗ ਹੁੰਦਾ ਆਇਆ ਹੈ। ਮਾਲਿਸ਼ ਕਰਨ ਨਾਲ ਸਰੀਰ ਵਿੱਚ ਖੂਨ ਦਾ ਵਹਿਣਾ ਤੇਜ਼ ਹੁੰਦਾ ਹੈ, ਜਿਸ ਨਾਲ ਸਾਰੇ ਅੰਗਾਂ ਨੂੰ ਪੋਸ਼ਕ ਤੱਤ ਲੋੜੀਂਦੀ ਮਿਕਦਾਰ ਵਿੱਚ ਮਿਲਦੇ ਹਨ ਤੇ ਜ਼ਹਿਰਲੇ ਤੱਤ ਬਾਹਰ ਨਿੱਕਲਦੇ ਹਨ। ਮਾਲਿਸ਼ ਕਰਨ ਨਾਲ ਮਾਸਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ ਤੇ ਜੋੜਾਂ ਦੀ ਸਮਰਥਾ ਵੱਧ ਜਾਂਦੀ ਹੈ। ਸਰ੍ਹੋਂ ਦੇ ਤੇਲ ਜਾਂ ਜੈਤੂਨ ਦੇ ਤੇਲ ਨੂੰ ਮਾਲਿਸ਼ ਲਈ ਵਧੀਆ ਮੰਨਿਆ ਗਿਆ ਹੈ। ਕਈ ਲੋਕ ਦੇਸੀ ਘਿਉ ਜਾਂ ਬਦਾਮ ਰੋਗਨ ਦੀ ਮਾਲਿਸ਼ ਵੀ ਕਰਦੇ ਹਨ।

### ਤੇਲ ਮਾਲਿਸ਼ ਦੇ ਲਾਭ

* ਸਰੀਰਕ ਮਾਲਿਸ਼ ਆਪਣੇ ਆਪ ਵਿੱਚ ਇਕ ਕਸਰਤ ਹੈ, ਇਸ ਨਾਲ ਸਰੀਰ ਦੇ ਸਾਰੇ ਅੰਗਾਂ ਦੀ ਕਾਰਜ ਸਮਰਥਾ ਵੱਧਦੀ ਹੈ।
* ਚਮੜੀ ਦੇ ਰੋਮਾਂ ਰਾਹੀਂ ਤੇਲ ਸਰੀਰ ਦੀਆਂ ਵੱਖ ਵੱਖ ਗ੍ਰੰਥੀਆਂ ਦੁਆਰਾ ਸਰੀਰ ਦੇ ਵੱਖ ਵੱਖ ਹਿੱਸਿਆਂ ਵਿੱਚ ਪਹੁੰਚ ਕੇ ਸਰੀਰ ਨੂੰ ਗਤੀਸ਼ੀਲ ਬਣਾਉਂਦਾ ਹੈ।
* ਮਾਲਿਸ਼ ਨਾਲ ਸਰੀਰ ਦੀ ਥਕਾਨ ਮਿਟ ਕੇ ਨਵੀਂ ਤਾਜ਼ਗੀ ਮਿਲਦੀ ਹੈ।
* ਤੇਲ ਮਾਲਿਸ਼ ਕਰਨ ਨਾਲ ਸਰੀਰ ਤੰਦਰੁਸਤ, ਤਾਕਤਵਰ ਤੇ ਲਿਸ਼ਕਵਾਂ ਬਣਦਾ ਹੈ, ਚਮੜੀ ਤੇ ਝੁਰੜੀਆਂ ਨਹੀਂ ਪੈਂਦੀਆਂ।
* ਮਾਲਿਸ਼ ਨਾਲ ਫੇਫੜੇ ਤੇ ਗੁਰਦਿਆਂ ਨੂੰ ਤਾਕਤ ਮਿਲਦੀ ਹੈ ਜਿਸ ਨਾਲ ਉਹ ਸਰੀਰ ਦੇ ਨੁਕਸਾਂ ਨੂੰ ਬਾਹਰ ਕੱਢ ਕੇ ਸਰੀਰ ਨੂੰ ਤੰਦਰੁਸਤ ਰੱਖਦੇ ਹਨ।
* ਮਾਲਿਸ਼ ਨਾਲ ਸਾਡੀ ਪਾਚਣ ਕਿਰਿਆ ਵੀ ਤੇਜ਼ ਹੁੰਦੀ ਹੈ।
* ਮਾਲਿਸ਼ ਨਾਲ ਚਮੜੀ ਰਾਹੀਂ ਸਰੀਰ ਨੂੰ ਸਿੱਧੀ ਖ਼ੁਰਾਕ ਮਿਲਣ ਨਾਲ ਸਰੀਰ ਦਾ ਭਰਪੂਰ ਪੋਸ਼ਣ ਹੁੰਦਾ ਹੈ।
* ਰਾਤ ਨੂੰ ਸੌਣ ਵੇਲੇ ਪੈਰਾਂ ਦੀ ਮਾਲਿਸ਼ ਤਲੀਆਂ ਤੇ ਮਾਲਿਸ਼ ਕਰਨ ਨਾਲ ਗਹਿਰੀ ਨੀਂਦ ਆਉਂਦੀ ਹੈ।
* ਬੱਚਿਆਂ ਲਈ ਮਾਲਿਸ਼ ਬਹੁਤ ਜ਼ਰੂਰੀ ਹੈ।
* ਤੇਲ ਮਾਲਿਸ਼ ਕਰਨ ਤੋਂ ਬਾਅਦ ਬੱਚੇ ਨੂੰ ਥੋੜੀ ਦੇਰ ਧੁੱਪ ਵਿੱਚ ਲਿਟਾਉਣਾ ਚਾਹੀਦਾ ਹੈ, ਇਸ ਨਾਲ ਚਮੜੀ ਦੀਆਂ ਬਿਮਾਰੀਆਂ ਹਟਦੀਆਂ ਹਨ ਅਤੇ ਹੱਡੀਆਂ ਮਜ਼ਬੂਤ ਹੁੰਦੀਆਂ ਹਨ।

### ਤੇਲ ਮਾਲਿਸ਼ ਲਈ ਧਿਆਨ ਰੱਖਣ ਯੋਗ ਗੱਲਾਂ

* ਮਾਲਿਸ਼ ਖਾਲੀ ਪੇਟ ਕਰਨੀ ਚਾਹੀਦੀ ਹੈ। ਸਵੇਰੇ ਨਹਾਉਣ ਤੋਂ ਅੱਧਾ ਘੰਟਾ ਪਹਿਲਾਂ ਜਾਂ ਬਾਅਦ ਵਿੱਚ ਮਾਲਿਸ਼ ਕਰੋ।
* ਮਾਲਿਸ਼ ਵਿੱਚ ਸਰੀਰ ਤੇ ਇੱਕ ਦਮ ਜ਼ਿਆਦਾ ਦਬਾਅ ਨਾ ਪਾਉ, ਮਾਲਿਸ਼ ਹੋਲੀ ਹੋਲੀ ਤੇ ਹਲਕਾ ਦਬਾਅ ਪਾਉਂਦੇ ਹੋਏ ਸ਼ੁਰੂ ਕਰੋ। ਬੁਖਾਰ ਵਿੱਚ ਮਾਲਿਸ਼ ਨਹੀਂ ਕਰਨੀ ਚਾਹੀਦੀ। ਦਿਲ ਦੇ ਮਰੀਜ਼ ਮਾਲਿਸ਼ ਦੀ ਜਗ੍ਹਾ ਵੈਸੇ ਹੀ ਸਰੀਰ ਨੂੰ ਤੇਲ ਲਗਾ ਲੈਣ।
* ਇਸਤਰੀਆਂ ਨੂੰ ਗਰਭ ਅਵਸਥਾ ਤੇ ਮਹਾਂਵਾਰੀ ਦੇ ਦਿਨਾਂ ਵਿੱਚ ਪੇਟ ਦੀ ਮਾਲਿਸ਼ ਨਹੀਂ ਕਰਨੀ ਚਾਹੀਦੀ। ਸਿਰ ਦੀ ਮਾਲਿਸ਼ ਰਾਤ ਨੂੰ ਹੱਥਾਂ ਦੇ ਪੋਟਿਆਂ ਤੇ ਤੇਲ ਲਗਾ ਕੇ ਹੋਲੀ ਹੋਲੀ ਕਰੋ। ਇਸ ਨਾਲ ਨੀਂਦ ਵੀ ਚੰਗੀ ਆਏਗੀ ਅਤੇ ਵਾਲ ਵੀ ਝੜਨੋ ਰੁਕ ਜਾਣਗੇ। ਵਾਲ ਸਮੇਂ ਤੋਂ ਪਹਿਲਾਂ ਸਫੇਦ ਨਹੀਂ ਹੋਣਗੇ।

ਡਾ. ਐਮ. ਯੂਸਫ
(91- 98141-28546

# ਇਸ ਕਿਸਮ ਦੀ ਸਰਕਾਰ ਦੀ ਤਵੱਕੋ ਤਾਂ ਨਹੀਂ ਸੀ ਕੀਤੀ ਲੋਕਾਂ ਨੇ



ਗੁਰਮੀਤ ਸਿੰਘ ਪਲਾਹੀ
91-98158-02070

**ਪੰਜਾਬ ਦੇ ਲੋਕਾਂ ਨੇ ਚੋਣਾਂ ਵੇਲੇ ਇੱਕ ਦਹਾਕੇ ਤੋਂ ਰਾਜ ਕਰ ਰਹੇ ਗੱਠਜੋੜ ਦੇ ਦਮਨ ਰਾਜ ਤੋਂ ਛੁਟਕਾਰਾ ਪਾਉਣ ਵੇਲੇ ਸੋਚਿਆ ਸੀ ਕਿ ਮਨਮਾਨੀਆਂ ਅਤੇ ਲੋਕ-ਵਿਰੋਧੀ ਨੀਤੀਆਂ ਤੋਂ ਛੁਟਕਾਰਾ ਮਿਲੇਗਾ, ਲੁੱਟ-ਖਸੁੱਟ ਤੋਂ ਮੁਕਤੀ ਮਿਲੇਗੀ, ਪਰ ਹੁਣ ਵਾਲੀ ਸਰਕਾਰ ਦਾ ਵਤੀਰਾ ਵੀ ਬਦਲਿਆ ਦਿਖਾਈ ਨਹੀਂ ਦਿੰਦਾ। ਅਫ਼ਸਰਸ਼ਾਹੀ ਦੇ ਪ੍ਰਭਾਵ ਹੇਠ ਲਏ ਗਏ ਫ਼ੈਸਲੇ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ। ਬੇਰੁਜ਼ਗਾਰੀ ਖ਼ਤਮ ਕਰਨ ਵੱਲ ਸਰਕਾਰ ਨੇ ਕੋਈ ਕਦਮ ਪੁੱਟਣ ਦਾ ਯਤਨ ਨਹੀਂ ਕੀਤਾ। ਨਸ਼ੇ ਆਪਣੇ ਪਹਿਲਾਂ ਵਾਲੇ ਵਿਰਾਟ ਰੂਪ 'ਚ ਕਾਇਮ ਹਨ। ਬੱਜਰੀ-ਰੇਤੇ ਦਾ ਵਪਾਰ ਜਿਉਂ ਦਾ ਤਿਉਂ ਚੱਲ ਰਿਹਾ ਹੈ। ਰੇਤਾ-ਬੱਜਰੀ ਮਾਫੀਆ ਆਪਣੇ ਹੀ ਢੰਗ ਨਾਲ ਲੋਕਾਂ ਦੀ ਲੁੱਟ ਕਰ ਰਿਹਾ ਹੈ। ਬਾਜ਼ਾਰ 'ਚ ਬੱਜਰੀ-ਰੇਤਾ ਹੋਰ ਵੀ ਮਹਿੰਗਾ ਮਿਲ ਰਿਹਾ ਹੈ।**

ਪੰਜਾਬ ਸੁਖਾਵੇਂ ਵਾਤਾਵਰਣ ਵਿੱਚੋਂ ਨਹੀਂ ਗੁਜ਼ਰ ਰਿਹਾ। ਕਈ ਤੱਤਕਾਲੀ ਮਸਲਿਆਂ ਨੇ ਇਸ ਦੇ ਵਾਤਾਵਰਣ ਨੂੰ ਗਰਮਾਇਆ ਹੋਇਆ ਹੈ। ਮਸਲੇ ਵੱਡੇ ਵੀ ਹਨ ਤੇ ਛੋਟੇ ਵੀ, ਪਰ ਇਹ ਮਸਲੇ ਜਿਵੇਂ ਪੈਦਾ ਹੋ ਰਹੇ ਜਾਂ ਪੈਦਾ ਕੀਤੇ ਜਾ ਰਹੇ ਹਨ, ਇਹ ਪੰਜਾਬ ਦੇ ਲੋਕਾਂ ਲਈ ਚਿੰਤਾ ਦਾ ਵਿਸ਼ਾ ਹਨ।

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਸਾਲ ਪਹਿਲਾਂ ਤੋਂ ਹਾਕਮ ਧਿਰ ਅਕਾਲੀ-ਭਾਜਪਾ, ਕਾਂਗਰਸ, ਆਮ ਆਦਮੀ ਪਾਰਟੀ ਅਤੇ ਹੋਰ ਸਿਆਸੀ ਪਾਰਟੀਆਂ ਨੇ ਪੰਜਾਬ ਦੇ ਸਿਆਸੀ ਵਾਤਾਵਰਣ ਨੂੰ ਇਸ ਕਦਰ ਗਰਮਾ ਦਿੱਤਾ ਸੀ ਕਿ ਆਮ ਲੋਕਾਂ ਨੂੰ ਜਾਪਿਆ ਸੀ ਕਿ ਚੋਣਾਂ ਤੋਂ ਬਾਅਦ ਕੁਝ ਤਾਂ ਚੰਗਾ ਹੋਵੇਗਾ ਹੀ, ਕਿਉਂਕਿ ਸਿਆਸੀ ਪਾਰਟੀਆਂ ਪੂਰੀ ਸੁਹਿਰਦਤਾ ਦਿਖਾ ਰਹੀਆਂ ਸਨ, ਲੋਕਾਂ ਦੇ ਭਲੇ ਦੇ ਗੀਤ ਗਾ ਰਹੀਆਂ ਸਨ, ਨਵੇਂ-ਨਵੇਂ ਰਾਗ ਅਲਾਪ ਰਹੀਆਂ ਸਨ, ਲੋਕਾਂ ਨੂੰ ਸਿਰ-ਮੱਥੇ ਉਠਾ ਕੇ ਸੱਭੋ ਕੁਝ ਸਮਝਣ ਦਾ ਵਹਿਮ ਸਿਰਜ ਰਹੀਆਂ ਸਨ।

ਦਿਨ ਬੀਤ ਗਏ। ਚੋਣਾਂ ਹੋ ਗਈਆਂ। ਨਵੀਂ ਸਰਕਾਰ ਆ ਗਈ। ਨਵੇਂ ਸ਼ਾਸਕ ਰਾਜ ਕਰਨ ਲੱਗੇ। ਸਲਾਹਕਾਰ ਬਦਲ ਗਏ। ਥੋੜ੍ਹਾ-ਬਹੁਤਾ ਇਧਰ-ਉਧਰ ਦੇ ਬਦਲ ਨਾਲ ਅਫ਼ਸਰਸ਼ਾਹੀ ਉਹੋ ਰਹੀ, ਜਿਸ ਵਿੱਚੋਂ ਬਹੁਤੀ ਪੁਰਾਣੇ ਹਾਕਮਾਂ ਦੇ ਪ੍ਰਭਾਵ ਵਿੱਚ ਸੀ। ਰਾਜ-ਭਾਗ ਦੀ ਬਦਲੀ ਨੇ ਕਿੰਨਾ ਕੁ ਬਦਲਿਆ ਰੰਗ ਦਿਖਾਇਆ? ਆਮ ਲੋਕਾਂ ਲਈ ਕੀਤੇ ਵਾਅਦਿਆਂ ਦੀ ਕਿੰਨੀ ਕੁ ਪੂਰਤੀ ਹੋਣੀ ਆਰੰਭ ਹੋਈ? ਲੋਕਾਂ ਉੱਤੇ ਬਦਲੀ ਸਰਕਾਰ ਦਾ ਕਿੰਨਾ ਕੁ ਪ੍ਰਭਾਵ ਪਿਆ? ਇਹ ਸਾਰੇ ਪ੍ਰਸ਼ਨ ਅੱਜ ਵੀ ਹਵਾ 'ਚ ਤੈਰ ਰਹੇ ਹਨ। ਜੇਕਰ ਪ੍ਰਸ਼ਨ ਹਵਾ 'ਚ ਨਾ ਤੁਰੇ ਫਿਰਦੇ ਤਾਂ ਕਿਸਾਨ ਧਰਨੇ ਲਾਉਣ ਲਈ ਪਟਿਆਲੇ ਕਿਉਂ ਪੁੱਜਦੇ? ਪੰਜਾਬ ਦਾ ਸਮੁੱਚਾ ਮੁਲਾਜ਼ਮ ਵਰਗ ਪ੍ਰੇਸ਼ਾਨੀ 'ਚ ਸੰਘਰਸ਼ ਦੇ ਰਾਹ ਪਿਆ ਦਿਖਾਈ ਕਿਉਂ ਦਿੰਦਾ? ਆਂਗਣਵਾੜੀ ਵਰਕਰ ਆਪਣੀਆਂ ਮੰਗਾਂ ਦੇ ਹੱਕ ਵਿੱਚ ਪ੍ਰੇਸ਼ਾਨੀ 'ਚ ਕਿਉਂ ਪਈਆਂ ਰਹਿੰਦੀਆਂ? ਅਤੇ ਲੋਕ ਗੁਰਦਾਸਪੁਰ ਦੀ ਜ਼ਿਮਨੀ ਚੋਣ 'ਚ ਹਾਕਮ ਪਾਰਟੀ ਵੱਲੋਂ ਭਾਰੀ ਜਿੱਤ ਪ੍ਰਾਪਤੀ ਦੇ ਬਾਵਜੂਦ ਮਨੋਂ ਇਹ ਆਵਾਜ਼ ਕੱਢਣ ਲਈ ਮਜਬੂਰ ਕਿਉਂ ਹੁੰਦੇ, 'ਅਸੀਂ ਤਾਂ ਇਸ ਕਿਸਮ ਦੀ ਸਰਕਾਰ ਦੀ ਤਵੱਕੋ ਨਹੀਂ ਸੀ ਕੀਤੀ'!

ਪੰਜਾਬ ਦੀ ਸਰਕਾਰ ਦੇ ਸਿੱਖਿਆ ਵਿਭਾਗ ਨੇ ਸੂਬੇ _ਚ 800 ਪ੍ਰਾਇਮਰੀ ਸਕੂਲ ਬੰਦ ਕਰਨ ਦੇ ਹੁਕਮ ਦਿੱਤੇ ਹਨ। ਇਹ ਵੱਡੀ ਗਿਣਤੀ ਸਕੂਲ ਪਿੰਡਾਂ ਵਿੱਚ ਹਨ। ਸਰਕਾਰ ਦਾ ਕਹਿਣਾ ਹੈ ਕਿ ਇਹਨਾਂ ਸਕੂਲਾਂ 'ਚ ਬੱਚਿਆਂ ਦੀ ਗਿਣਤੀ 20 ਤੋਂ ਘੱਟ ਹੈ। ਕਈ ਥਾਂਈਂ ਅਧਿਆਪਕ ਜ਼ਿਆਦਾ ਹਨ ਤੇ ਬੱਚਿਆਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਇਸ ਲਈ ਇਹ ਸਕੂਲ ਬੰਦ ਹੋਣੇ ਜ਼ਰੂਰੀ ਹਨ। ਵੇਖਣ ਵਾਲੀ ਗੱਲ ਹੈ ਕਿ ਬੱਚਿਆਂ ਦੀ ਘੱਟ ਗਿਣਤੀ ਦੀ ਜ਼ਿੰਮੇਵਾਰੀ ਕਿਸ ਦੀ ਹੈ? ਕੀ ਸਿੱਖਿਆ ਪ੍ਰਸ਼ਾਸਨ ਨੇ ਸਥਾਨਕ ਲੋਕਾਂ ਦੀ ਸਹਾਇਤਾ ਨਾਲ ਇਹਨਾਂ ਸਕੂਲਾਂ 'ਚ ਬੁਨਿਆਦੀ ਲੋੜਾਂ ਪੂਰੀਆਂ ਕਰਵਾਈਆਂ? ਸਕੂਲ ਇਮਾਰਤਾਂ, ਸਾਜ਼ੋ-ਸਾਮਾਨ, ਟਾਇਲਟ, ਸਾਫ਼ ਪਾਣੀ, ਲਾਇਬਰੇਰੀ, ਖੇਡ ਦਾ ਮੈਦਾਨ, ਕੰਪਿਊਟਰ, ਫਰਨੀਚਰ ਜਿਹੀਆਂ ਲੋੜਾਂ ਦੀ ਪੂਰਤੀ ਕਰਵਾਈ? ਜੇਕਰ ਸਕੂਲਾਂ 'ਚ ਇਹ ਸੁਵਿਧਾਵਾਂ ਨਹੀਂ ਹਨ ਤਾਂ ਲੋਕ ਆਪਣੇ ਬੱਚਿਆਂ ਨੂੰ ਉਨ੍ਹਾਂ ਵਿੱਚ ਕਿਵੇਂ ਭੇਜਣਗੇ? ਉਹ ਤਾਂ ਆਪਣੇ ਬੱਚਿਆਂ ਨੂੰ ਮਜਬੂਰੀ ਵੱਸ ਪ੍ਰਾਈਵੇਟ ਸਕੂਲਾਂ 'ਚ ਭੇਜ ਰਹੇ ਹਨ।

ਇੱਕ ਅੰਦਾਜ਼ੇ ਅਨੁਸਾਰ ਪੰਜ ਹਜ਼ਾਰ ਦੀ ਆਬਾਦੀ 'ਚ ਹਰ ਸਾਲ ਇੱਕ ਸੌ ਬੱਚੇ ਜਨਮ ਲੈਂਦੇ ਹਨ। ਇਹਨਾਂ ਬੱਚਿਆਂ ਵਿੱਚੋਂ ਕੀ ਅੱਧੇ ਵੀ ਹਰ ਸਾਲ ਸਰਕਾਰੀ ਸਕੂਲਾਂ 'ਚ ਦਾਖ਼ਲ ਨਹੀਂ ਹੋ ਸਕਦੇ, ਜੇ ਉਨ੍ਹਾਂ ਵਿੱਚ ਸੁਵਿਧਾਵਾਂ ਹੋਣ? ਕੀ ਸਿੱਖਿਆ ਪ੍ਰਸ਼ਾਸਨ ਇਹ ਨਹੀਂ ਜਾਣਦਾ ਕਿ ਸੂਬੇ 'ਚ ਹਜ਼ਾਰਾਂ ਦੀ ਗਿਣਤੀ 'ਚ ਟੀਚਰਾਂ ਦੀਆਂ ਆਸਾਮੀਆਂ ਖ਼ਾਲੀ ਪਈਆਂ ਹਨ? ਉਥੇ ਵਰ੍ਹਿਆਂ ਤੋਂ ਕੋਈ ਅਧਿਆਪਕ ਨਹੀਂ ਭੇਜਿਆ ਜਾ ਰਿਹਾ। ਤਦ ਫਿਰ ਲੋਕ ਇਹੋ ਜਿਹੇ ਸਕੂਲਾਂ 'ਚ ਬੱਚੇ ਕਿਵੇਂ ਭੇਜਣ? ਸਿਰਫ਼ ਉਹ ਮਾਪੇ ਹੀ ਮਜਬੂਰੀ 'ਚ ਇਹਨਾਂ ਸਰਕਾਰੀ ਸਕੂਲਾਂ 'ਚ ਬੱਚੇ ਭੇਜਦੇ ਹਨ, ਜਿਨ੍ਹਾਂ ਦੀ ਮਾਲੀ ਹਾਲਤ ਅਸਲੋਂ ਪਤਲੀ ਹੈ, ਨਹੀਂ ਤਾਂ ਸਰਕਾਰੀ ਸਕੂਲਾਂ ਦੀ ਤਰਸ ਯੋਗ ਹਾਲਤ ਦੇ ਹੁੰਦਿਆਂ ਕੋਈ ਵੀ ਮਾਂ-ਬਾਪ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਭੇਜਣ ਲਈ ਤਿਆਰ ਨਹੀਂ। ਜਦੋਂ ਸਰਕਾਰ ਸਿੱਖਿਆ ਦੇ ਮੁੱਢਲੇ ਅਧਿਕਾਰ ਤੋਂ ਸੂਬਾ ਵਾਸੀਆਂ ਨੂੰ ਇਸ ਬਹਾਨੇ ਵੰਚਿਤ ਕਰਨ 'ਤੇ ਤੁਲੀ ਹੋਈ ਹੈ ਕਿ ਉਸ ਦਾ ਖ਼ਜ਼ਾਨਾ ਖ਼ਾਲੀ ਹੈ ਤਾਂ ਫਿਰ ਲੋਕਾਂ ਦਾ 'ਕੋਹ ਨਾ ਚੱਲੀ, ਬਾਬਾ ਤ੍ਰਿਹਾਈ' ਵਾਲੀ ਸਰਕਾਰ ਤੋਂ ਨਿਰਾਸ਼ ਹੋਣਾ ਸੁਭਾਵਕ ਹੈ।

ਦੂਜੇ ਪਾਸੇ ਨੋਟ-ਬੰਦੀ ਅਤੇ ਜੀ ਐੱਸ ਟੀ ਨੇ ਲੋਕਾਂ ਦਾ ਦਮ ਨਹੀਂ, ਸੰਘੀ ਘੁੱਟ ਦਿੱਤੀ। ਵਪਾਰੀ ਵਰਗ ਡਰਿਆ-ਸਹਿਮਿਆ ਹੋਇਆ ਹੈ। ਕਾਰਪੋਰੇਟ ਜਗਤ ਦੀਆਂ ਝੋਲੀਆਂ ਭਰਦਿਆਂ ਕੇਂਦਰ ਸਰਕਾਰ ਨੇ ਨੋਟ-ਬੰਦੀ ਤੇ ਜੀ ਐੱਸ ਟੀ ਲਾਗੂ ਕਰ ਕੇ ਲੋਕਾਂ ਉੱਤੇ ਮਣਾਂ-ਮੂੰਹੀਂ ਭਾਰ ਲੱਦਿਆ। ਪੰਜਾਬ ਦੀ ਆਰਥਿਕ ਹਾਲਤ ਤਾਂ ਪਹਿਲਾਂ ਹੀ ਮਾੜੀ ਸੀ, ਉੱਪਰੋਂ ਪਈ ਇਸ 'ਬਿੱਜ' ਨੇ ਉਸ ਨੂੰ ਮਧੋਲ ਸੁੱਟਿਆ। ਪੰਜਾਬ ਦੇ ਖੇਤੀ ਕਰਨ ਵਾਲੇ ਵੀ ਜੀ ਐੱਸ ਟੀ ਤੋਂ ਓਨੇ ਹੀ ਪੀੜਤ ਹੋਏ ਤੇ ਹੋ ਰਹੇ ਹਨ, ਜਿੰਨੇ ਸੂਬੇ ਦੇ ਆਮ ਲੋਕ। ਕਿਸਾਨ ਰੋਜ਼ਾਨਾ ਆਤਮ-ਹੱਤਿਆ ਕਰ ਰਹੇ ਹਨ, ਪਰ ਸਰਕਾਰ ਇਸ ਬਹੁਤ ਹੀ ਅਹਿਮ ਸਮੱਸਿਆ ਨੂੰ ਰੋਜ਼ਮਰਾ ਦੀ ਜ਼ਿੰਦਗੀ 'ਚ ਵਾਪਰ ਰਹੀ ਕਿਸੇ ਘਟਨਾ ਵਾਂਗ ਲੈ ਰਹੀ ਹੈ। ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੇ ਕੰਮ ਬਾਰੇ ਕੱਛੂ ਦੀ ਚਾਲ ਚੱਲ ਕੇ ਸਬਰ ਕਰਨ ਦੀਆਂ ਸਲਾਹਾਂ ਦਿੱਤੀਆਂ ਜਾ ਰਹੀਆਂ ਹਨ। ਖ਼ਜ਼ਾਨਾ ਖ਼ਾਲੀ ਹੋਣ ਦੀ ਦੁਹਾਈ ਪਾਈ ਜਾ ਰਹੀ ਹੈ। ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੀ ਕਿਸ਼ਤ ਨਹੀਂ ਮਿਲ ਰਹੀ। ਬੁਢਾਪਾ ਤੇ ਵਿਧਵਾ ਪੈਨਸ਼ਨ ਦੀ ਅਦਾਇਗੀ ਕਈ ਮਹੀਨੇ ਪਿੱਛੇ ਚੱਲ ਰਹੀ ਹੈ। ਕੇਂਦਰੀ ਸਕੀਮਾਂ 'ਚ ਸੂਬਾ ਸਰਕਾਰ ਵੱਲੋਂ ਬਣਦਾ ਹਿੱਸਾ ਜਮ੍ਹਾਂ ਨਾ ਕਰਵਾਏ ਜਾਣ ਕਾਰਨ ਇਹ ਸਕੀਮਾਂ ਲਾਗੂ ਨਹੀਂ ਹੋ ਰਹੀਆਂ। ਸੂਬੇ 'ਚ ਖ਼ਰਚੇ ਅਤੇ ਆਮਦਨ ਦਾ ਪਾੜਾ ਵਧ ਰਿਹਾ ਹੈ। ਟਰਾਂਸਪੋਰਟ ਨੂੰ ਛੱਡ ਕੇ ਸੂਬੇ ਦੇ ਕਿਸੇ ਵੀ ਵਿਭਾਗ ਦਾ ਮਾਲੀਆ ਨਵੀਂ ਸਰਕਾਰ ਵੇਲੇ ਤੋਂ ਨਹੀਂ ਵਧ ਸਕਿਆ। ਜੀ ਐੱਸ ਟੀ ਦੀ ਆਮਦਨ ਤੋਂ ਲਾਈਆਂ ਉਮੀਦਾਂ ਵੀ ਧਰੀਆਂ-ਧਰਾਈਆਂ ਰਹਿ ਗਈਆਂ ਜਾਪਦੀਆਂ ਹਨ। ਰਾਜ ਸਰਕਾਰ ਆਪਣੇ ਖ਼ਰਚੇ ਘੱਟ ਕਰਨ ਦੀ ਥਾਂ ਲੋਕਾਂ ਉੱਤੇ ਨਵੇਂ ਟੈਕਸ ਲਾਉਣ ਦਾ ਰਸਤਾ ਫੜਦੀ ਦਿੱਸ ਰਹੀ ਹੈ। ਉਦਾਹਰਣ ਵਜੋਂ ਸੂਬੇ 'ਚ ਬਿਜਲੀ ਦੇ ਰੇਟ ਇਸ ਕਦਰ ਵਧਾ ਦਿੱਤੇ ਗਏ ਹਨ ਕਿ ਆਮ ਆਦਮੀ ਇਸ ਕਾਰਨ ਬੁਰੀ ਤਰ੍ਹਾਂ ਪ੍ਰਭਾਵਤ ਹੋਵੇਗਾ। ਅਪ੍ਰੈਲ 2017 ਤੋਂ ਬਿਜਲੀ ਦਰਾਂ 'ਚ ਵਾਧੇ ਦੇ ਬਕਾਏ ਉਸ ਨੂੰ ਦੇਣੇ ਪੈਣਗੇ।

ਪੰਜਾਬ ਦੇ ਲੋਕਾਂ ਨੇ ਚੋਣਾਂ ਵੇਲੇ ਇੱਕ ਦਹਾਕੇ ਤੋਂ ਰਾਜ ਕਰ ਰਹੇ ਗੱਠਜੋੜ ਦੇ ਦਮਨ ਰਾਜ ਤੋਂ ਛੁਟਕਾਰਾ ਪਾਉਣ ਵੇਲੇ ਸੋਚਿਆ ਸੀ ਕਿ ਮਨਮਾਨੀਆਂ ਅਤੇ ਲੋਕ-ਵਿਰੋਧੀ ਨੀਤੀਆਂ ਤੋਂ ਛੁਟਕਾਰਾ ਮਿਲੇਗਾ, ਲੁੱਟ-ਖਸੁੱਟ ਤੋਂ ਮੁਕਤੀ ਮਿਲੇਗੀ, ਪਰ ਹੁਣ ਵਾਲੀ ਸਰਕਾਰ ਦਾ ਵਤੀਰਾ ਵੀ ਬਦਲਿਆ ਦਿਖਾਈ ਨਹੀਂ ਦਿੰਦਾ। ਅਫ਼ਸਰਸ਼ਾਹੀ ਦੇ ਪ੍ਰਭਾਵ ਹੇਠ ਲਏ ਗਏ ਫ਼ੈਸਲੇ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ। ਬੇਰੁਜ਼ਗਾਰੀ ਖ਼ਤਮ ਕਰਨ ਵੱਲ ਸਰਕਾਰ ਨੇ ਕੋਈ ਕਦਮ ਪੁੱਟਣ ਦਾ ਯਤਨ ਨਹੀਂ ਕੀਤਾ। ਨਸ਼ੇ ਆਪਣੇ ਪਹਿਲਾਂ ਵਾਲੇ ਵਿਰਾਟ ਰੂਪ 'ਚ ਕਾਇਮ ਹਨ। ਬੱਜਰੀ-ਰੇਤੇ ਦਾ ਵਪਾਰ ਜਿਉਂ ਦਾ ਤਿਉਂ ਚੱਲ ਰਿਹਾ ਹੈ। ਰੇਤਾ-ਬੱਜਰੀ ਮਾਫੀਆ ਆਪਣੇ ਹੀ ਢੰਗ ਨਾਲ ਲੋਕਾਂ ਦੀ ਲੁੱਟ ਕਰ ਰਿਹਾ ਹੈ। ਬਾਜ਼ਾਰ 'ਚ ਬੱਜਰੀ-ਰੇਤਾ ਹੋਰ ਵੀ ਮਹਿੰਗਾ ਮਿਲ ਰਿਹਾ ਹੈ। ਦਫ਼ਤਰਾਂ 'ਚ ਰਿਸ਼ਵਤਖੋਰੀ 'ਚ ਕੋਈ ਬਦਲਾਅ ਦਿਖਾਈ ਨਹੀਂ ਦੇ ਰਿਹਾ। ਹੁਣ ਦਾ ਹਾਕਮ ਵੀ ਨਾਗਰਿਕਾਂ ਪ੍ਰਤੀ ਸੰਵਿਧਾਨਕ ਜਵਾਬਦੇਹੀ ਤੋਂ ਆਨਾ-ਕਾਨੀ ਦੇ ਰਾਹ ਪਿਆ ਦਿੱਸਦਾ ਹੈ। ਜੇਕਰ ਅਜਿਹਾ ਨਾ ਹੁੰਦਾ ਤਾਂ ਵੱਡੇ ਆਰਥਿਕ ਸੰਕਟ ਦਾ ਰੌਲਾ ਪਾਉਣ ਵਾਲੀ ਸਰਕਾਰ ਸੂਬੇ ਦੀਆਂ ਕਾਰਪੋਰੇਸ਼ਨਾਂ, ਸ਼ਹਿਰੀ ਕੌਂਸਲਾਂ ਨੂੰ ਕਰੋੜਾਂ ਰੁਪਏ ਦੇ ਗੱਫੇ ਕਿਉਂ ਦਿੰਦੀ? ਸਪੱਸ਼ਟ ਹੈ ਕਿ ਇਸ ਸਾਲ ਦੇ ਅੰਤ ਜਾਂ 2018 ਦੇ ਆਰੰਭ 'ਚ ਸੂਬੇ ਦੀਆਂ 4 ਵੱਡੀਆਂ ਕਾਰਪੋਰੇਸ਼ਨਾਂ ਦੀਆਂ ਚੋਣਾਂ ਹੋਣ ਵਾਲੀਆਂ ਹਨ ਅਤੇ ਹਾਕਮ ਧਿਰ ਨੂੰ ਆਪਣੇ ਆਪ ਨੂੰ ਸੂਬੇ 'ਚ ਥਾਂ-ਸਿਰ ਰੱਖਣ ਲਈ ਇਹਨਾਂ ਸ਼ਹਿਰਾਂ 'ਚ ਵਿਕਾਸ ਯੋਜਨਾਵਾਂ ਲਾਗੂ ਕਰਨੀਆਂ ਹੀ ਪੈਣੀਆਂ ਹਨ, ਤਾਂ ਕਿ ਚੋਣਾਂ ਜਿੱਤੀਆਂ ਜਾ ਸਕਣ। ਹਾਲਾਂਕਿ ਪਿੰਡਾਂ 'ਚ ਵਿਕਾਸ ਦੇ ਕੰਮ ਠੱਪ ਪਏ ਹਨ। ਕਿਸ ਕਿਸਮ ਦੀ ਜਮਹੂਰੀਅਤ ਹੈ ਇਹ? ਕਿਸ ਕਿਸਮ ਦਾ ਰਾਜ-ਭਾਗ ਹੈ ਇਹ, ਜਿੱਥੇ ਆਮ ਨਾਗਰਿਕ ਨੂੰ ਸਾਹ ਲੈਣ ਵੀ ਔਖਾ ਹੈ; ਜਿੱਥੇ ਇਨਸਾਫ ਦੀ ਪ੍ਰਾਪਤੀ ਲਈ ਉਸ ਨੂੰ 'ਵੱਡੇ ਘਰਾਂ' ਦੇ ਦਰਵਾਜ਼ਿਆਂ 'ਤੇ ਪੁੱਜ ਕੇ ਸਿਫ਼ਾਰਸ਼ਾਂ ਕਰਾਉਣ ਜਾਂ ਫਿਰ ਪੱਲਿਓਂ ਪੈਸਾ ਖ਼ਰਚ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ? ਪੰਜਾਬ ਦੇ ਲੋਕ ਇਸ ਵੇਲੇ ਆਰਥਿਕ ਤੰਗੀ ਦੀ ਮਾਰ ਹੇਠ ਹਨ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਸ਼ਿਆਂ ਨੇ ਉਹਨਾਂ ਦਾ ਲੱਕ ਤੋੜਿਆ ਹੋਇਆ ਹੈ।

ਪੰਜ ਵਰ੍ਹਿਆਂ ਦੇ ਲੰਮੇ ਅਰਸੇ ਤੋਂ ਬਾਅਦ ਜਦੋਂ ਉਹ ਆਪਣੇ ਨੁਮਾਇੰਦਿਆਂ ਦੀ ਚੋਣ ਕਰਦੇ ਹਨ, ਜਜ਼ਬਾਤ 'ਚ ਆ ਕੇ ਉਹ ਠਗੇ ਜਾਂਦੇ ਹਨ। ਉਹ ਨੇਤਾਵਾਂ ਦੇ ਲਾਰਿਆਂ-ਲੱਪਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਪੰਜਾਬ ਦੇ ਸੂਝਵਾਨ ਲੋਕਾਂ ਨੇ ਕਦੇ ਵੀ ਇਸ ਕਿਸਮ ਦੀ ਸਰਕਾਰ ਦੀ ਤਵੱਕੋ ਨਹੀਂ ਕੀਤੀ ਹੋਵੇਗੀ, ਜੋ ਉਹਨਾਂ ਦੀਆਂ ਆਸਾਂ-ਇੱਛਾਵਾਂ ਤੋਂ ਉਲਟ ਕੰਮ ਕਰੇ। ਹਾਲੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਸਰਕਾਰ ਲੋਕ ਹਿੱਤ 'ਚ ਉਹਨਾਂ ਕੰਮਾਂ ਨੂੰ ਕਰਨ ਨੂੰ ਤਰਜੀਹ ਦੇਵੇ, ਜਿਹੜੇ ਲੋਕਾਂ ਨੂੰ ਰਾਹਤ ਦੇ ਸਕਣ, ਤਾਂ ਕਿ ਸਰਕਾਰ ਦਾ ਅਕਸ ਅਤੇ ਵਿਸ਼ਵਾਸ ਲੋਕਾਂ 'ਚ ਬਣਿਆ ਰਹਿ ਸਕੇ।

# ਗੁਰਬਾਣੀ ਚਾਨਣ ਵਿੱਚ ਸ਼ਿਵਾ (ਪਾਰਬਤੀ) ਦੇਵੀ ਬਾਰੇ

**(ਸਫਾ 6 ਦੀ ਬਾਕੀ)**

ਫਸਕੇ, ਸਾਡੀ ਪੂਜਾ ਕਰਨ ਲੱਗ ਜਾਣਗੇ। ਸ਼ਾਤਰ ਬ੍ਰਾਹਮਣ ਨੇ ਇੱਕ ਹੋਰ ਚਾਲ ਚੱਲੀ ਕਿ ਹੁਣ ਸਾਨੂੰ ਬ੍ਰਾਹਮਣ, ਪੁਜਾਰੀ ਆਚਾਰੀਆ ਆਦਿਕ ਦੀ ਥਾਂ, ਸੰਤ ਸ਼ਬਦ ਆਪਣੇ ਨਾਲ ਲਾ ਲੈਣਾ ਚਾਹੀਦਾ ਹੈ। ਐਸਾ ਕਰਕੇ ਇਹ ਬ੍ਰਾਹਮਣ ਉਦਾਸੀਆਂ, ਨਿਰਮਲਿਆਂ ਅਤੇ ਭਗਵੇ ਸੰਤਾਂ-ਸਾਧਾਂ ਦੇ ਭੇਖ ਵਿੱਚ, ਸਿੱਖਾਂ ਵਰਗੀਆਂ ਸਾਬਤ ਸੂਰਤ ਸ਼ਕਲਾਂ ਬਣਾ ਕੇ, ਸਾਡੇ ਧਰਮ ਅਸਥਾਨਾਂ ਵਿੱਚ ਪ੍ਰਵੇਸ਼ ਕਰ ਗਿਆ। ਜੋ ਹੁਣ ਸੰਪ੍ਰਦਾਵਾਂ, ਡੇਰਿਆਂ, ਸਾਧਾਂ-ਸੰਤਾਂ ਅਤੇ ਜਾਤਪਾਤੀ ਬਰਾਦਰੀ ਦੇ ਨਾਂ ਤੇ ਬਣੇ ਧਰਮ ਅਸਥਾਨਾਂ ਦੇ ਰੂਪ ਵਿੱਚ ਗੁਰਮਤਿ ਨੂੰ ਵੰਗਾਰ ਅਤੇ ਦਹਾੜ ਰਿਹਾ ਹੈ।

ਧਾਰਮਿਕ ਅਤੇ ਰਾਜਨੀਤਕ ਸੰਸਥਾਵਾਂ ਵਿੱਚ ਵੀ ਘੁਸੜ ਚੁੱਕਾ ਹੈ। ਕੀ ਅਕਾਲੀ ਦਲ, ਕੀ ਸ਼੍ਰੋਮਣੀ ਕਮੇਟੀ, ਕੀ ਟਕਸਾਲ ਅਤੇ ਕੀ ਤਖਤਾਂ ਦੇ ਜਥੇਦਾਰ ਸਭ ਵਿੱਚ ਸਿੱਖੀ ਸਰੂਪ ਧਾਰ ਕੇ ਵੜ ਚੁੱਕਾ ਹੈ। ਅਕਾਲ ਤਖਤ ਦੇ ਜਥੇਦਾਰ ਗਿ. ਪੂਰਨ ਸਿੰਘ ਦੇ ਰੂਪ ਵਿੱਚ ਸਿੱਖਾਂ ਨੂੰ ਲਵ ਕੁਛ ਦੀ ਉਲਾਦ ਐਲਾਨ ਚੁੱਕਾ ਅਤੇ ਸਿੱਖ ਵੇਦਾਂਤੀ ਵੀ ਬਣ ਗਿਆ। ਪੰਜਾਬ ਦੀ ਅਖੌਤੀ ਅਕਾਲੀ ਸਰਕਾਰ ਵਿੱਚ ਰਾਸ਼ਟਰੀਆ ਸਿੱਖ ਸੰਗਤ, ਭਾਰਤੀ ਜਨਤਾ ਪਾਰਟੀ ਅਤੇ ਡੇਰੇਦਾਰਾਂ ਦੇ ਰੂਪ ਵਿੱਚ ਮੌਜਾਂ ਮਾਣ ਅਤੇ ਹਕੂਮਤ ਕਰ ਰਿਹਾ ਹੈ। ਡੇਰੇਦਾਰ ਰਾਧਾ ਸੁਆਮੀਆਂ ਨੂੰ ਇਤਿਹਾਸਕ ਗੁਰਦੁਆਰੇ ਢਾਉਣ ਤੇ ਵੀ ਕਲੀਨ ਚਿੱਟਾਂ ਦੇ ਰਿਹਾ ਹੈ। ਚੋਣਾਂ ਸਮੇ ਨਸ਼ੇ ਵੰਡ ਕੇ, ਸਿੱਖ ਜਵਾਨੀਆਂ ਨੂੰ ਬਰਬਾਦ ਕਰਦਾ ਆ ਰਿਹਾ ਹੈ। ਹੁਣ ਇਸ ਨੇ ਨਵਾਂ ਛੋਛਾ ਛੱਡਿਆ ਹੈ ਕਿ ਸਿੱਖਾਂ ਦਾ ਰਾਸ਼ਟਰੀ ਗੀਤ "ਦੇਹ ਸ਼ਿਵਾ ਬਰ ਮੋਹਿ ਇਹੈ" ਵਾਲਾ ਹੋਣਾ ਚਾਹੀਦਾ ਹੈ ਤਾਂ ਕਿ ਹੌਲੀ ਹੌਲੀ ਸਿੱਖ ਵੀ, ਅਖੌਤੀ ਦਸਮ ਗ੍ਰੰਥ ਜੋ ਬ੍ਰਾਹਮਣੀ ਗ੍ਰੰਥਾਂ ਦਾ ਉਲੱਥਾ ਹੈ, ਦੇ ਰਾਹੀਂ ਕੇਸਾਧਾਰੀ ਹਿੰਦੂ ਬਣ ਜਾਣ। ਵੇਖੋ ਸਿੱਖੋ! ਤੁਹਾਡਾ ਗੁਰੂ ਜਦ ਸ਼ਿਵਾ ਤੋਂ ਵਰ ਮੰਗਦਾ ਹੈ ਫਿਰ ਤੁਹਾਨੂੰ ਸ਼ਿਵ ਪੂਜਨ ਵਿੱਚ ਕੀ ਇਤਰਾਜ ਹੈ? ਤ੍ਰਿਬੇਣੀ ਅਤੇ ਹੇਮਕੁੰਟ ਵਰਗੇ ਹਿੰਦੂ ਤੀਰਥਾਂ 'ਤੇ ਜਾ ਕੇ, ਗੁਰੂ ਤੇਗ ਬਹਾਦਰ ਪੁੱਤ੍ਰ ਦਾ ਵਰ, ਹੇਮਕੁੰਟ ਉੱਤੇ ਗੁਰੂ ਗੋਬਿੰਦ ਸਿੰਘ ਦੁਸ਼ਟ ਦਮਨ ਦੇ ਰੂਪ ਵਿੱਚ ਦੁਰਗਾ ਤੋਂ ਪੰਥ ਚਲਾਉਣ ਦਾ ਵਰ ਮੰਗਦੇ ਦਰਸਾ ਕੇ, ਸਿੱਖਾਂ ਦੀ ਅੰਨ੍ਹੀ ਸ਼ਰਦਾ ਨੂੰ ਕੈਸ਼ ਕੀਤਾ ਗਿਆ ਜਦ ਕਿ ਗੁਰਬਾਣੀ ਅਖੌਤੀ ਤੀਰਥ ਇਸ਼ਨਾਨਾਂ, ਵਰਾਂ-ਸਰਾਪਾਂ ਅਤੇ ਕਰਮਕਾਂਡਾਂ ਦਾ ਭਰਵਾਂ ਖੰਡਨ ਕਰਦੀ ਹੈ। ਸਾਧਾਂ, ਸੰਤਾਂ ਤੇ ਡੇਰਿਆਂ ਦੇ ਰੂਪ ਵਿੱਚ ਸਿੱਖਾਂ ਨੂੰ ਵੀ ਕੇਵਲ ਪੂਜਾ ਪਾਠ ਕਰਾਉਣ ਅਤੇ ਸੇਵਾ ਦੇ ਰੂਪ ਵਿੱਚ ਵੱਡੀਆਂ ਵੱਡੀਆਂ ਭੇਟਾ ਚੜ੍ਹਾਈ ਜਾਣ ਦੇ ਆਹਰੇ ਲਾ ਕੇ, ਗੁਰਬਾਣੀ ਸਿਧਾਂਤਾਂ ਤੋਂ ਦੂਰ ਕੀਤਾ ਜਾ ਰਿਹਾ ਹੈ। ਅੱਜ ਜੇ ਕਿਤੇ ਇੰਟ੍ਰਨੈੱਟ ਨਾਂ ਹੁੰਦਾ ਅਤੇ ਸਿੱਖ ਭਾਰਤ ਤੋਂ ਬਾਹਰ ਨਾਂ ਗਏ ਹੁੰਦੇ ਤਾਂ ਇਸ ਬ੍ਰਾਹਮਣ ਅਤੇ ਸਾਧ-ਸੰਤ ਪੁਜਾਰੀਵਾਦ ਦੇ ਦੈਂਤ ਨੇ ਸਿੱਖ ਸਿਧਾਂਤਾਂ ਅਤੇ ਸਿੱਖ ਸਰੂਪ ਨੂੰ ਨਿਗਲ ਜਾਣਾ ਸੀ।

ਮਾਨ ਅਕਾਲੀ ਦਲ ਅਤੇ ਸਿੱਖਾਂ ਦੀਆਂ ਜੁਝਾਰੂ ਜਥੇਬੰਦੀਆਂ ਵੀ ਆਪਣਾ ਕੌਮੀ ਤਰਾਨਾ (ਦੇਹ ਸ਼ਿਵਾ ਬਰ ਮੋਹਿ ਇਹੈ) ਬਣਾਈ ਬੈਠੀਆਂ ਅਤੇ ਨਿਤਾਪ੍ਰਤੀ ਗਾ ਰਹੀਆਂ ਹਨ। ਰਾਗੀ ਢਾਢੀ ਵੀ ਸੰਘ ਪਾੜ ਪਾੜ ਕੇ "ਦੇਹ ਸ਼ਿਵਾ ਬਰ ਮੋਹਿ ਇਹੈ" ਦੇ ਜੋਰਦਾਰ ਜੈਕਾਰੇ ਬੁਲਾਈ ਜਾ ਰਹੇ ਹਨ। ਸਿੱਖੋ ਜਾਗੋ! ਕੁਝ ਹੋਸ਼ ਕਰੋ ਅਤੇ ਗਾਫਲਤਾ ਚੋਂ ਬਾਹਰ ਨਿਕਲਦੇ ਹੋਏ, ਘਟੋ ਘਟ ਗੁਰਦੁਆਰਿਆਂ ਅਤੇ ਗੁਰਬਾਣੀ ਕੀਰਤਨਾਂ ਵਿੱਚ ਤਾਂ ਸ਼ਿਵਾ ਤੋਂ ਵਰ ਨਾਂ ਮੰਗੋ। ਇੱਕ ਪਾਸੇ ਅਕਾਲ ਦੇ ਪੁਜਾਰੀ ਅਤੇ ਦੂਜੇ ਪਾਸੇ ਭੰਗ, ਧਤੂਰਾ, ਅਫੀਮ, ਪੋਸਤ, ਡੋਡੇ ਅਤੇ ਤੰਬਾਕੂ ਆਦਿਕ ਨਸ਼ੇ ਪੀਣ ਅਤੇ ਸੱਪਾਂ ਦੇ ਡੰਗ ਮਰਵਾ ਕੇ, ਨਸ਼ਾ ਪੂਰਾ ਕਰਨ ਵਾਲੇ ਸ਼ਿਵਜੀ ਦੀ ਪਤਨੀ ਸ਼ਿਵਾ (ਪਾਰਬਤੀ) ਅੱਗੇ ਅਰਦਾਸਾਂ ਕਰਕੇ-ਖਸਮੁ ਛੋਡਿ ਦੂਜੈ ਲੱਗੇ ਡੁਬੇ ਸੇ ਵਣਜਾਰਿਆ॥(੪੭੦) ਭਾਵ ਬ੍ਰਾਹਮਣਵਾਦ ਦੀ ਗੰਗਾ ਵਿੱਚ ਕਿਉਂ ਡੁੱਬ ਰਹੇ ਹੋ? 25 ਅਕਤੂਬਰ 2017 ਨੂੰ ̄ ਦੇ ਮੁਖੀ ਮੋਹਨ ਭਾਗਵਤ ਨੇ ਤਾਂ ਸ਼ਰੇਆਮ ਐਲਾਨ ਕਰ ਦਿੱਤਾ ਹੈ ਕਿ ਅਸੀਂ ਗੁਰੂ ਗੋਬਿੰਦ ਸਿੰਘ ਦੇ ਅਭਾਰੀ ਹਾਂ ਕਿ ਉਨ੍ਹਾਂ ਨੇ "ਦੇਵੀ ਸ਼ਿਵਾ" ਤੋਂ ਦੇਸ਼ ਦੀ ਰਾਖੀ ਦਾ ਵਰ ਮੰਗਦੇ, ਹਿੰਦੂ ਵੈਰੀਆਂ ਨਾਲ ਜੂਝਣ ਦਾ ਵਰ ਮੰਗਿਆ ਸੀ। ਅੱਜ ਬਹੁਤੇ ਸੰਪ੍ਰਦਾਈ, ਟਕਸਾਲੀ, ਡੇਰੇਦਾਰ ਤੇ ਆਮ ਸਿੱਖ ਹਰ ਰੋਜ ਦਸਮ ਗ੍ਰੰਥ ਦੀ ਰਚਨਾ ਅਤੇ ਦੇਹ ਸ਼ਿਵਾ ਬਰ ਮੋਹਿ ਇਹੈ ਕਿਉਂ ਗਾਂਦੇ ਤੇ ਫਿਰ ਆਖਦੇ ਹਨ ਕਿ ਸਿੱਖ ਇੱਕ ਵੱਖਰੀ ਕੌਮ, ਸਾਡਾ ਗ੍ਰੰਥ, ਪੰਥ, ਨਿਸ਼ਾਨ, ਵਿਧਾਨ, ਕਲੰਡਰ ਅਤੇ ਕੌਮੀ ਤਰਾਨਾ ਬਾਕੀ ਕੌਮਾਂ ਨਾਲੋਂ ਵੱਖਰਾ ਹੈ? ਸੋ ਸਿਵਾ ਸਿੱਖਾਂ ਦੀ ਨਹੀਂ ਸਗੋਂ ਹਿਦੂੰਆਂ ਦੀ ਹੀ ਦੇਵੀ ਹੈ। ਇਸ ਲਈ 'ਦੇਹੁ ਸ਼ਿਵਾ ਬਰ ਮੋਹਿ ਇਹੈ' ਸਿੱਖਾਂ ਦਾ ਕੌਮੀ ਤਰਨਾ ਨਹੀਂ!

ਇਸੇ ਵਿਸ਼ੇ ਤੇ ਸ੍ਰ. ਸਰਬਜੀਤ ਸਿੰਘ ਦੇ ਕੁਝ ਵਿਚਾਰ-ਅਖੌਤੀ ਦਸਮ ਗ੍ਰੰਥ ਵਿਚ ਦਰਜ 'ਚੰਡੀ ਚਰਿਤ੍ਰ ਉਕਿਤ ਬਿਲਾਸ' ਸਾਕਤ ਮੱਤ ਦੇ ਕਿਸੇ ਕਵੀ ਦੀ ਰਚਨਾ ਹੈ, ਜਿਸ ਦੇ 233 ਛੰਦ ਹਨ।

'ਦੇਹੁ ਸ਼ਿਵਾ ਬਰ ਮੋਹਿ ਇਹੈ' ਪੰਗਤੀ 231 ਨੰਬਰ ਛੰਦ ਵਿਚ ਦਰਜ ਹੈ। ਜਿਸ ਨੂੰ ਬਿਨਾਂ ਸੋਚੇ-ਸਮਝੇ ਹੀ ਕੁਝ ਪ੍ਰਚਾਰਕਾਂ ਵੱਲੋਂ ਗੁਰੂ ਗੋਬਿੰਦ ਸਿੰਘ ਦੇ ਨਾਮ ਨਾਲ ਜੋੜ ਕੇ ਪ੍ਰਚਾਰਿਆ ਗਿਆ ਹੈ। ਹੁਣ ਇਸ ਸਵਾਲ ਦਾ ਜਵਾਬ ਕੌਣ ਦੇਵੇਗਾ ਕਿ ਜੇ ਇਹ ਛੰਦ, ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਹੋਇਆ ਹੈ ਤਾਂ ਇਸ ਤੋਂ ਪਹਿਲਾ ਆਏ 230 ਛੰਦ ਅਤੇ ਇਸ ਤੋਂ ਪਿਛੋਂ ਆਏ 2 ਛੰਦਾਂ ਦਾ ਲੇਖਕ ਕੋਣ ਹੈ ਅਤੇ ਪੂਰੇ ਪ੍ਰਸੰਗ 'ਚ ਕੀ ਸਿੱਖਿਆ ਮਿਲਦੀ ਹੈ? 'ਸ਼ਿਵਾ' ਨੂੰ ਅਕਾਲ ਪੁਰਖ ਮੰਨਣ ਵਾਲਿਓ! ਇਸ ਛੰਦ ਦੇ ਅਗਲੇ-ਪਿਛਲੇ ਛੰਦਾਂ ਨੂੰ ਵੀ ਪੜ੍ਹKਸਮਝ ਲਵੋ।

ਅਖੌਤੀ ਦਸਮ ਗ੍ਰੰਥ 'ਚ ਦਰਜ ਇਕ ਰਚਨਾ ਜਿਸ ਦਾ ਨਾਮ 'ਅਬ ਚੰਡੀ ਚਰਿਤ੍ਰ ਉਕਿਤ ਬਿਲਾਸ' ਸਫਾ 74 ਤੋਂ 99 ਤਾਈਂ ਦਰਜ ਹੈ। ਜਿਸ ਦੇ ਕੁਲ 233 ਛੰਦ ਅਤੇ 8 ਭਾਗ ਹਨ। ਹਰ ਅਧਿਆਏ ਦੇ ਅਖੀਰ ਦੇ ਇਸ ਰਚਨਾ ਦੇ ਅਸਲ ਸੋਮੇ ਦਾ ਨਾਮ, "ਇਤਿ ਸ੍ਰੀ ਮਾਰਕੰਡੇ ਪੁਰਾਣੇ" ਲਿਖਿਆ ਹੋਇਆ ਹੈ। ਅਸਲ ਲਿਖਤ ਮੁਤਾਬਕ ਇਹ ਮਾਰਕੰਡੇ ਪੁਰਾਣ ਦੇ ਚੰਡੀ ਚਰਿਤ੍ਰ ਦਾ ਉਹ ਭਾਗ ਹੈ ਜਿਸ ਵਿਚ ਮਧੁ ਕੈਟਭ, ਮਹਿਖਾਸਰ, ਧੂਮ੍ਰਨੈਣ, ਚੰਡਮੁੰਡ, ਰਕਤਬੀਜ, ਨਿਸੁੰਭ, ਸੁੰਭ ਆਦਿ ਦੈਤਾਂ ਦੇ ਬਧਿ ਕਰਨ ਦੀ ਕਥਾ ਬਹੁਤ ਵਿਸਥਾਰ ਨਾਲ ਲਿਖੀ ਹੋਈ ਹੈ। 'ਦੇਹ ਸ਼ਿਵਾ ਬਰ ਮੋਹਿ ਇਹੈ' ਵਾਲਾ ਛੰਦ ਇਸ ਰਚਨਾ ਦੇ ਅਖੀਰ ਤੇ 231 ਨੰਬਰ ਤੇ ਦਰਜ ਹੈ। ਇਹ ਸਾਰੀ ਰਚਨਾ ਮਾਰਕੰਡੇ ਪੁਰਾਣ ਦੀ ਹੀ ਨਕਲ ਹੈ। ਸ਼ਿਵਾ, ਦੁਰਗਾ, ਭਗਉਤੀ, ਚਮੁੰਡਾ, ਚੰਡੀ, ਚੰਡਕਾ, ਪਿੰਗਲੀ, ਭਵਾਨੀ ਆਇ ਸਾਰੇ ਹੀ ਨਾਮ ਪਾਰਵਤੀ ਦੇ ਹੀ ਹਨ। "ਦੁਰਗਾ, ਭਗਉਤੀ ਤੇ ਭਗਵਤੀ" ਦੇ ਕਰਤਾ ਸੰਤ ਸੁਰਜੀਤ ਸਿੰਘ ਨਿਰਮਲ ਨੇ ਸ਼ਿਵਾKਪਾਰਵਤੀ ਦੇ 43 ਨਵਾਂ ਦੀ ਸੂਚੀ ਦਿੱਤੀ ਹੈ (ਪੰਨਾ 14)। ਯਾਦ ਰਹੇ "ਲੋਪ ਚੰਡਕਾ ਹੋਇ ਗਈ ਸੁਰਪਤਿ ਕੋ ਦੇ ਰਾਜ",ਆਰਤੀ ਵੇਲੇ ਕੁਝ ਗਿਆਨੀਆਂ ਵੱਲੋਂ ਪੜੀਆਂ ਜਾਣ ਵਾਲੀਆਂ ਇਹ ਪੰਗਤੀਆਂ ਵੀ, "ਇਤਿ ਸ੍ਰੀ ਮਾਰਕੰਡੇ ਪੁਰਾਨੇ ਚੰਡੀ ਚਰਿਤ੍ਰ ਉਕਿਤ ਬਿਲਾਸ ਧੁਮ੍ਰਨੈਣ ਬਧਹਿ ਨਾਮ ਤ੍ਰਿਤਯ ਧਯਾਇ" (ਪੰਨਾ 79) ਇਸੇ ਰਚਨਾ 'ਚ ਹੀ ਦਰਜ ਹਨ। ਕਈ ਸੱਜਣਾ ਵੱਲੋਂ ਸ਼ਿਵਾ ਦੇ ਅਰਥ ਅਪਾਰ ਸ਼ਕਤੀ ਵੀ ਕੀਤੇ ਗਏ ਹਨ। 233 ਛੰਦਾਂ 'ਚ ਇਕ ਛੰਦ (231) ਨੂੰ ਵੱਖ ਕਰਕੇ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ ਮੰਨ ਲੈਣਾ ਜਾਂ ਕਿਸੇ ਇਕ ਥਾਂ 'ਸ਼ਿਵਾ' ਦੇ ਅਰਥ ਆਪਣੀ ਮਰਜ਼ੀ ਮੁਤਾਬਕ ਕਰ ਲੈਣੇ, ਕਿਸੇ ਵੀ ਤਰ੍ਹਾਂ ਸਿਆਣਪ ਨਹੀ ਮੰਨਿਆ ਜਾ ਸਕਦਾ। ਇਸ ਸਾਰੀ ਰਚਨਾ 'ਅਬ ਚੰਡੀ ਚਰਿਤ੍ਰ ਉਕਿਤ ਬਿਲਾਸ' ਨੂੰ ਆਦਿ ਤੋਂ ਅੰਤ ਤਾਈ ਪੜ੍ਹਨKਸਮਝਣ ਉਪ੍ਰੰਤ ਹੀ ਸ਼ਿਵਾ ਦੇ ਅਰਥ ਕਰਨੇ ਚਾਹੀਦੇ ਹਨ। ਇਸ ਰਚਨਾ ਦਾ ਆਖਰੀ ਛੰਦ ਹੀ ਅਸਲੀਅਤ ਨੂੰ ਸਪੱਸ਼ਟ ਕਰ ਦਿੰਦਾ ਹੈ।

ਦੋਹਰਾ। ਗਰੰਥ ਸਤਿਸਯ ਕੋ ਕਰਿਓ ਜਾ ਸਮ ਅਵੁਰ ਨਾ ਕੋਇ। ਜਿਹ ਨਮਿਤ 'ਕਵਿ' ਨੇ ਕਹਿਉ ਸੁ ਦੇਹ ਚੰਡਕਾ ਸੋਇ। (੨੩੩) ਇਨ੍ਹਾਂ ਪੰਗਤੀਆਂ ਦੇ ਅਰਥ ਡਾ ਜੱਗੀ ਨੇ ਇਹ ਲਿਖੇ ਹਨ- "(ਮੈਂ) ਸਤਸਈ (ਦੁਰਗਾ ਸਪਤਸ਼ਤੀ) ਗ੍ਰੰਥ ਦੀ ਰਚਨਾ ਕੀਤੀ ਹੈ ਜਿਸ ਦੇ ਸਮਾਨ ਹੋਰ ਕੋਈ (ਗ੍ਰੰਥ) ਨਹੀਂ ਹੈ। ਹੇ ਚੰਡਿਕਾ! ਜਿਸ ਮਨੋਰਥ ਲਈ ਕਵੀ ਨੇ (ਇਹ ਕਥਾ) ਕਹੀ ਹੈ, ਉਸ ਦਾ ਉਹੀ (ਮਨੋਰਥ) ਪੂਰਾ ਕਰੋ।੨੩੩।

ਸ਼ਿਵਾ ਜਾਂ ਦੁਰਗਾ ਨੂੰ ਕੋਈ ਆਪਣੀ ਮਾਤਾ ਮੰਨੇ, ਉਸ ਦੀ ਪੂਜਾ ਕਰੇ, ਉਸ ਤੋਂ ਵਰ ਮੰਗੇ, ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਆਪਣੇ ਆਪ ਨੂੰ ਕੌਮ ਦੇ ਮਲਾਹ ਸਮਝਣ ਵਾਲੇ, ਕਿਸੇ ਦੀ ਲਿਖੀ ਕਵਿਤਾ ਵਿਚੋਂ ਚਾਰ ਪੰਗਤੀਆਂ ਲੈ ਕੇ, ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਜੋੜ, ਇਹ ਬਿਆਨ ਦੇਣ ਕਿ 'ਦੇਹੁ ਸ਼ਿਵਾ ਬਰ ਮੋਹਿ ਇਹੈ' ਸਿੱਖਾਂ ਦਾ ਕੌਮੀ ਤਰਾਨਾ ਹੈ! ਇਸ ਨੂੰ ਉਨ੍ਹਾਂ ਦੀ ਅਗਿਆਨਤਾ ਸਮਝੀਏ ਜਾਂ ਕੁਝ ਹੋਰ?

ਬੇੜਾ ਡੋਬੈ ਪਾਤਣੀ ਕਿਉ ਪਾਰਿ ਉਤਾਰਾ॥ ਆਗੂ ਲੈ ਉਝੜਿ ਪਵੇ ਕਿਸੁ ਕਰੈ ਪੁਕਾਰਾ॥(ਭਾ.ਗੁ) ਕਿੰਨਾ ਚੰਗਾ ਹੋਵੇ ਜੇ ਸਿੱਖ ਸਿਧਾਂਤ ਨੂੰ ਸਮਝਣ ਵਾਲੇ ਅਤੇ ਕੌਮ ਨੂੰ ਬੁਲੰਦੀਆਂ ਵੱਲ ਲੈ ਜਾਣ ਦੇ ਚਾਹਵਾਨ ਆਗੂ ਅਤੇ ਪ੍ਰਚਾਰਕ, "ਦੇਹੁ ਸ਼ਿਵਾ ਬਰ ਮੋਹਿ ਇਹੈ" ਭਾਵ ਕਿਸੇ ਦੇਵੀ ਨੂੰ ਪੂਜਣ ਦੀ ਥਾਂ, ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਇਸ ਸ਼ਬਦ ਨੂੰ ਕੌਮੀ ਤਰਾਨੇ ਵਜੋ ਪ੍ਰਚਾਰਨ ਵਾਸਤੇ ਯਤਨਸ਼ੀਲ ਹੋਣ-

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥(੧੧੦੫)

# ਚੋਣ ਜੁਮਲੇ



ਮੁਹੰਮਦ ਬਸ਼ੀਰ
91-94171-58300

ਭਾਰਤ ਨੂੰ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਹੋਣ ਦਾ ਮਾਣ ਪ੍ਰਾਪਤ ਹੈ। ਲੋਕਤੰਤਰ ਨੂੰ ਅਮਰੀਕਾ ਦੇ ਰਹਿ ਚੁੱਕੇ ਰਾਸ਼ਟਰਪਤੀ ਇਬਰਾਹੀਮ ਲਿੰਕਨ ਦੇ ਸ਼ਬਦਾਂ ਵਿੱਚ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ''ਲੋਕਤੰਤਰ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ ਸਰਕਾਰ ਹੁੰਦੀ ਹੈ''। ਇਸ ਸ਼ਾਸਨ ਪ੍ਰਣਾਲੀ ਵਿੱਚ ਲੋਕ ਨਿਸਚਿਤ ਸਮੇਂ ਬਾਅਦ ਇੱਕ ਨਿਸਚਿਤ ਦਿਨ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਆਪਣੇ ਪ੍ਰਤੀਨਿਧੀਆਂ ਦੀ ਚੋਣ ਕਰਦੇ ਹਨ। ਇਹਨਾਂ ਪ੍ਰਤੀਨਿਧੀਆਂ ਦੁਆਰਾ ਹੀ ਦੇਸ਼ ਦੀ ਵਾਗਡੋਰ ਸੰਭਾਲ ਕੇ ਦੇਸ਼ ਦੇ ਪ੍ਰਸ਼ਾਸ਼ਨ ਨੂੰ ਚਲਾਇਆ ਜਾਂਦਾ ਹੈ। ਇਸ ਕਾਰਨ ਲੋਕਾਂ ਦੀਆਂ ਵੋਟਾਂ ਪ੍ਰਾਪਤ ਕਰਨ ਲਈ ਵੋਟ ਰਾਜਨੀਤੀ ਨੇ ਜਨਮ ਲਿਆ ਹੈ। ਜਿਸਦਾ ਭਾਵ ਹੈ ਕਿ ਵੋਟਰਾਂ ਨੂੰ ਜ਼ਾਇਜ਼-ਨਜ਼ਾਇਜ਼ ਢੰਗਾਂ ਰਾਹੀ ਪ੍ਰਭਾਵਿਤ ਕਰਕੇ ਉਹਨਾਂ ਦੀਆਂ ਵੋਟਾਂ ਪ੍ਰਾਪਤ ਕਰਨਾ ਹੈ। ਅੱਜ ਭਾਰਤੀ ਰਾਜਨੀਤਿਕ ਪ੍ਰਣਾਲੀ ਵਿਚ ਵੋਟ ਰਾਜਨੀਤੀ ਇਸ ਹੱਦ ਤੱਕ ਭਾਰੂ ਹੋ ਗਈ ਹੈ, ਕਈ ਵਾਰੀ ਇਸ ਦੀ ਵਰਤੋਂ ਕਰਦੇ ਹੋਏ ਰਾਜਨੀਤਿਕ ਦਲ ਦੇਸ਼ ਦੇ ਹਿੱਤਾਂ ਦੇ ਵਿਰੁੱਧ ਵੀ ਕੰਮ ਕਰ ਜਾਂਦੇ ਹਨ। ਜਿਸ ਕਾਰਨ ਦੇਸ਼ ਨੂੰ ਬਹੁਤ ਨੁਕਸਾਨ ਉਠਾਉਣਾ ਪੈਂਦਾ ਹੈ। ਇਸ ਵੋਟ ਰਾਜਨੀਤੀ ਦੇ ਤਹਿਤ ਰਾਜਨੀਤਿਕ ਪਾਰਟੀਆਂ ਦੁਆਰਾ ਆਪਣੇ ਚੋਣ ਮੈਨੀਫੈਸਟੋ (ਜੋ ਕਿ ਚੋਣਾਂ ਸਮੇਂ ਸਿਆਸੀ ਪਾਰਟੀਆਂ ਦੁਆਰਾ ਜਾਰੀ ਕੀਤਾ ਇੱਕ ਲਿਖਤੀ ਦਸਤਾਵੇਜ਼ ਹੁੰਦਾ ਹੈ ਜਿਸ ਵਿੱਚ ਰਾਜਨੀਤਿਕ ਪਾਰਟੀਆਂ ਦੀਆਂ ਨੀਤੀਆਂ ਦਾ ਵਰਨਣ ਕੀਤਾ ਹੁੰਦਾ ਹੈ) ਵਿੱਚ ਲੋਕ ਲੁਭਾਉ ਨੀਤੀਆਂ ਦੇ ਨਾਲ ਲੋਕਾਂ ਨੂੰ ਭਰਮਾਉਣ ਦੀ ਕੋਸ਼ਿਸ ਕੀਤੀ ਜਾਂਦੀ ਹੈ। ਇਹ ਆਮ ਤੌਰ ਤੇ ਦੇਖਣ ਵਿੱਚ ਆਉਂਦਾ ਹੈ ਕਿ ਚੋਣਾਂ ਸਮੇਂ ਰਾਜਨੀਤਿਕ ਪਾਰਟੀਆਂ ਆਪਣੇ ਚੋਣ ਮਨੋਰਥ ਪੱਤਰ ਵਿੱਚ ਇਸ ਤਰ੍ਹਾਂ ਦੇ ਵਾਅਦੇ ਵੀ ਕਰ ਦਿੰਦੀਆ ਹਨ। ਜਿਨ੍ਹਾਂ ਨੂੰ ਪੂਰਾ ਕਰਨਾ ਸੰਭਵ ਨਹੀਂ ਹੁੰਦਾ ਜਾਂ ਜਿਨ੍ਹਾਂ ਨੂੰ ਪੂਰਾ ਕਰਨ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਵੀ ਖਤਰਾ ਹੋ ਸਕਦਾ ਹੈ। ਭਾਰਤੀ ਸੰਵਿਧਾਨ ਦੇ ਅਨੁਛੇਦ 25 ਤੋਂ 28 ਤੱਕ ਭਾਰਤ ਨੂੰ ਇੱਕ ਧਰਮ ਨਿਰਪੱਖ ਦੇਸ਼ ਘੋਸ਼ਿਤ ਕੀਤਾ ਗਿਆ ਹੈ। ਜਿਸਦੇ ਅਨੁਸਾਰ ਧਰਮ ਦੇ ਆਧਾਰ ਤੇ ਵੋਟਾਂ ਮੰਗਣ ਅਤੇ ਰਾਜਨੀਤਿਕ ਪਾਰਟੀਆਂ ਦਾ ਗਠਨ ਕਰਨ ਦੀ ਮਨਾਹੀ ਕੀਤੀ ਗਈ ਹੈ ਪਰ ਜੇ ਅਸੀਂ ਭਾਰਤ ਦੀ ਰਾਜਨੀਤਿਕ ਪ੍ਰਣਾਲੀ ਦਾ ਅਧਿਐਨ ਕਰਦੇ ਹਾਂ ਤਾਂ ਬਹੁਤ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਭਾਰਤ ਦੀਆਂ ਬਹੁਤੀਆਂ ਰਾਜਨੀਤਿਕ ਪਾਰਟੀਆਂ ਅਜਿਹੀਆਂ ਹੀ ਹਨ ਜਿਨ੍ਹਾਂ ਦਾ ਕਿਸੇ ਨਾ ਕਿਸੇ ਰੂਪ ਵਿੱਚ ਆਧਾਰ ਧਰਮ ਜਾਂ ਜਾਤ ਹੀ ਹੈ। ਕੁੱਝ ਰਾਜਨੀਤਿਕ ਦਲ ਭਾਸ਼ਾ ਦੇ ਆਧਾਰ ਤੇ ਵੀ ਸੰਗਠਿਤ ਕੀਤੇ ਗਏ ਹਨ। ਜਿਨ੍ਹਾਂ ਦਾ ਮੁੱਖ ਮੰਤਵ ਹਿੰਦੀ (ਜੋ ਕਿ ਭਾਰਤ ਦੀ ਸਰਕਾਰੀ ਭਾਸ਼ਾ ਹੈ) ਦਾ ਵਿਰੋਧ ਕਰਕੇ ਕਿਸੇ ਵਿਸ਼ੇਸ ਭਾਸ਼ਾ ਦਾ ਵਿਕਾਸ ਕਰਨਾ ਹੈ। ਇਸ ਤਰ੍ਹਾਂ ਵੋਟਰਾਂ ਦੇ ਮੱਤਦਾਨ ਵਿਵਹਾਰ ਨੂੰ ਪ੍ਰਭਾਵਿਤ ਕਰਨ ਵਾਲਾ ਵੀ ਧਰਮ ਜਾਂ ਜਾਤ ਮੁੱਖ ਤੱਤ ਬਣ ਗਿਆ ਹੈ। ਨਾਗਰਿਕਾਂ ਦੇ ਇਸ ਤਰ੍ਹਾਂ ਦੇ ਰੁਝਾਨ ਨੂੰ ਕਿਸੇ ਵੀ ਤਰ੍ਹਾਂ ਭਾਰਤ ਦੇ ਹਿੱਤ ਵਿੱਚ ਨਹੀਂ ਕਿਹਾ ਜਾ ਸਕਦਾ। ਪਹਿਲਾਂ ਹੀ 1947 ਵਿੱਚ ਧਰਮ ਦੇ ਆਧਾਰ ਤੇ ਦੇਸ਼ ਦੋ ਹਿੱਸਿਆਂ ਵਿੱਚ ਵੰਡਿਆਂ ਜਾ ਚੁੱਕਾ ਹੈ, ਜੇ ਰਾਜਨੀਤਿਕ ਪਾਰਟੀਆਂ ਅਤੇ ਨੇਤਾਵਾਂ ਨੇ ਰਾਜਨੀਤਿਕ ਸ਼ਕਤੀ ਦੀ ਲਾਲਸਾ ਅਤੇ ਭੁੱਖ ਨੂੰ ਪੂਰਾ ਕਰਨ ਲਈ ਧਰਮ, ਜਾਤ ਅਤੇ ਭਾਸ਼ਾ ਆਦਿ ਨੂੰ ਹਥਿਆਰ ਦੇ ਤੌਰ ਤੇ ਵਰਤਣਾਂ ਨਾ ਛੱਡਿਆ ਤਾਂ ਆਉਣ ਵਾਲੇ ਸਮੇਂ ਵਿੱਚ ਇਸਦੇ ਹੋਰ ਵੀ ਮਾਰੂ ਨਤੀਜੇ ਸਾਹਮਣੇ ਆਉਣਗੇ। ਜਿਸ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਨੁਕਸਾਨ ਹੋਣ ਦਾ ਡਰ ਹੈ। ਅਸਲ ਵਿੱਚ ਹੋਣਾ ਤਾਂ ਇਹ ਚਾਹੀਦਾ ਹੈ ਕਿ ਸਿਆਸੀ ਪਾਰਟੀਆਂ ਨੂੰ ਸ਼ਕਤੀ ਦੀ ਪ੍ਰਾਪਤੀ ਦੇ ਸੰਘਰਸ਼ ਵਿੱਚ ਨੈਤਿਕ ਨਿਯਮਾ, ਰਾਸ਼ਟਰੀ ਅਤੇ ਜਨਤਕ ਹਿੱਤਾਂ ਆਦਿ ਨੂੰ ਧਿਆਨ ਵਿੱਚ ਰੱਖ ਕੇ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ। ਜਿਨ੍ਹਾਂ ਦੇਸ਼ਾਂ (ਇੰਗਲੈਂਡ, ਅਮਰੀਕਾ, ਫਰਾਂਸ ਆਦਿ) ਨੂੰ ਦੇਖ ਕੇ ਅਸੀਂ ਭਾਰਤ ਵਿੱਚ ਲੋਕਤੰਤਰੀ ਸ਼ਾਸ਼ਨ ਪ੍ਰਣਾਲੀ ਨੂੰ ਅਪਣਾਇਆ ਹੈ। ਸਾਡੇ ਦੇਸ਼ ਦੀਆਂ ਰਾਜਨੀਤਿਕ ਪਾਰਟੀਆਂ ਨੂੰ ਉਨ੍ਹਾਂ ਦੇਸਾਂ ਦੀਆਂ ਰਾਜਨੀਤਿਕ ਪਾਰਟੀਆਂ ਦਾ ਅਧਿਐਨ ਕਰਨਾ ਚਾਹੀਦਾ ਹੈ। ਉਨ੍ਹਾਂ ਦਾ ਅਧਿਐਨ ਕਰਨ ਤੋਂ ਇੱਕ ਗੱਲ ਸ਼ੀਸ਼ੇ ਦੀ ਤਰ੍ਹਾਂ ਸਾਫ ਹੋ ਜਾਂਦੀ ਹੈ ਕਿ ਇੰਗਲੈਂਡ ਆਦਿ ਵਿਕਸਤ ਦੇਸ਼ਾਂ ਵਿੱਚ ਰਾਜਨੀਤਿਕ ਪਾਰਟੀਆਂ ਕਿਸੇ ਵੀ ਤਰ੍ਹਾਂ ਦੇਸ਼ ਦੇ ਹਿੱਤਾਂ ਨਾਲ ਕਦੇ ਵੀ ਕਿਸੇ ਵੀ ਤਰ੍ਹਾਂ ਦਾ ਸਮਝੋਤਾ ਨਹੀਂ ਕਰਦੀਆਂ ਅਤੇ ਚੋਣਾਂ ਸਮੇਂ ਜਨਤਾਂ ਨਾਲ ਪੂਰੇ ਹੋਣ ਵਾਲੇ ਵਾਅਦੇ ਹੀ ਕੀਤੇ ਜਾਂਦੇ ਹਨ। ਸਾਡੇ ਅਕਸਰ ਨਾ ਪੂਰੇ ਹੋਣ ਵਾਲੇ ਵਾਅਦਿਆਂ ਦੇ ਸੁਪਨੇ ਦਿਖਾ ਕੇ ਰਾਜਨੀਤਿਕ ਪਾਰਟੀਆਂ ਸੱਤਾ ਵਿੱਚ ਆ ਜਾਂਦੀਆਂ ਹਨ। ਬਾਅਦ ਵਿੱਚ ਇਹ ਕਹਿ ਦਿੱਤਾ ਜਾਂਦਾ ਹੈ ਕਿ ਇਹ ਵਾਅਦੇ ਤਾਂ ਸਿਰਫ ''ਚੋਣ ਜੁਮਲੇ'' ਸਨ। ਕਿੰਨੇ ਦੁੱਖ ਦੀ ਗੱਲ ਹੈ ਕਿ ਦੇਸ਼ ਦੀਆਂ ਸਿਆਸੀ ਪਾਰਟੀਆਂ ਅਤੇ ਸਿਆਸੀ ਨੇਤਾਵਾਂ ਜਿਨ੍ਹਾਂ ਨੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਦੀ ਵਾਗਡੋਰ ਸੰਭਾਲਣੀ ਹੈ, ਉਨ੍ਹਾਂ ਦੁਆਰਾ ਸੱਤਾ ਪ੍ਰਾਪਤ ਕਰਨ ਲਈ ਝੂਠ ਦਾ ਸਹਾਰਾ ਲੈਣ ਨੂੰ ਕਿਸੇ ਵੀ ਤਰ੍ਹਾਂ ਜਾਇਜ ਨਹੀਂ ਕਿਹਾ ਜਾ ਸਕਦਾ।ਸਾਡੇ ਦੇਸ਼ ਵਿੱਚ ਝੂਠ ਬੋਲਣ ਨੂੰ ਕੋਈ ਅਪਰਾਧ ਨਹੀਂ ਸਗੋਂ ਰਾਜਸੀ ਸ਼ਕਤੀ ਪ੍ਰਾਪਤ ਦਾ ਇੱਕ ਸਾਧਨ ਮੰਨਿਆ ਜਾਂਦਾ ਹੈ। ਜੋ ਕੇ ਕਿਸੀ ਵੀ ਤਰ੍ਹਾਂ ਉਚਿਤ ਨਹੀਂ। ਇਸ ਕਰਕੇ ਸਾਡੀਆਂ ਰਾਜਸੀ ਪਾਰਟੀਆਂ ਅਤੇ ਨੇਤਾਵਾਂ ਨੂੰ ਝੂਠ ਬੋਲਣ , ਲੋਕ ਲੁਭਾਊ ਤੇ ਨਾ-ਪੂਰੇ ਹੋਣ ਵਾਲੇ ਵਾਅਦੇ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਰਾਜਸੀ ਸ਼ਕਤੀ ਪ੍ਰਾਪਤ ਕਰਨ ਲਈ ਦੇਸ਼ ਦੇ ਹਿੱਤਾਂ ਅਤੇ ਜਨਤਕ ਹਿੱਤਾਂ ਨੂੰ ਮੁੱਖ ਰੱਖ ਕੇ ਨੀਤੀਆਂ ਦਾ ਨਿਰਮਾਣ ਕਰਨਾ ਚਾਹੀਦਾ ਹੈ। ਜੇਕਰ ਅਸੀਂ ਭਾਰਤ ਨੂੰ ਇੱਕ ਵਿਕਸਤ ਰਾਸ਼ਟਰ ਦੇ ਰੂਪ ਵਿੱਚ ਅੰਤਰਰਾਸ਼ਟਰੀ ਮੰਚ ਤੇ ਦੇਖਣਾ ਚਾਹੁੰਦੇ ਹਾਂ ਤੇ ਭਾਰਤ ਨੂੰ ਵਿਸ਼ਵ ਦੀ ਇੱਕ ਮਹਾਂ ਸ਼ਕਤੀ ਬਣਾਉਣਾ ਚਾਹੁੰਦੇ ਹੋ ਤਾਂ ਇਸਦੇ ਲਈ ਸਾਨੂੰ ਸਾਨੂੰ ਸਾਰਿਆਂ ਨੂੰ ਧਰਮ, ਜਾਤ, ਭਾਸ਼ਾ, ਖੇਤਰ ਆਦਿ ਦੇ ਭੇਦ-ਭਾਵ ਭੁਲਾ ਕੇ ਨਿੱਜੀ ਹਿੱਤਾਂ ਨਾਲੋ ਰਾਸ਼ਟਰੀ ਹਿੱਤਾਂ ਨੂੰ ਪ੍ਰਮੁੱਖਤਾ ਦੇ ਕੇ ਸਾਂਝੇ ਯਤਨ ਕਰਨੇ ਪੈਣਗੇ ਤਾਂ ਹੀ ਅਸੀ ਵਿਕਸਤ ਰਾਸ਼ਟਰ ਦੇ ਸੁਪਨੇ ਨੂੰ ਪੂਰਾ ਕਰਨ ਦੇ ਮਾਰਗ ਤੇ ਅੱਗੇ ਵਧ ਸਕਦੇ ਹਾਂ।

# ਅਸੀ ਇੱਕ ਦੂਜੇ ਦੇ ਕੰਮ ਆਉਣ ਲੱਗੀਏ



ਬਲਵੀਰ ਮੰਨਣ
ਰਿਸਰਚ ਸਕਾੱਲਰ (ਪੰਜਾਬੀ ਵਿਭਾਗ)
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ,
ਫਗਵਾੜਾ
ਮੋਬ. 94173-45485

ਸੰਸਾਰ ਦੁੱਖ ਅਤੇ ਸੁੱਖ ਦਾ ਸੁਮੇਲ ਹੈ ਪਰ, ਜੇਕਰ ਸੁੱਖ ਦੀ ਹੋਂਦ ਸਦਾ-ਸਦੀਵੀ ਨਹੀਂ ਤਾਂ ਦੁੱਖ ਦੀਆਂ ਜੜ੍ਹਾਂ ਵੀ ਬਹੁਤੀਆਂ ਪੱਕੀਆਂ ਨਹੀਂ। ਸੁੱਖ ਦਾ ਅਨੁਭਵ ਵਿਅਕਤੀਗਤ ਹੁੰਦਾ ਹੈ ਪਰ ਸੁੱਖ ਤੋਂ ਉਪਜੀ ਖ਼ੁਸ਼ੀ ਹੋਰਨਾਂ ਨਾਲ ਸਾਂਝੀ ਕੀਤੀ ਜਾ ਸਕਦੀ ਹੈ। ਖ਼ੁਸ਼ੀ ਹੋਰਨਾਂ ਨੂੰ ਵੀ ਆਪਣੀ ਗਲਵੱਕੜੀ ਵਿੱਚ ਲੈ ਲੈਣ ਦੇ ਸਮਰੱਥ ਹੁੰਦੀ ਹੈ ਜਾਂ ਕਹਿ ਲਈਏ ਕਿ ਖ਼ੁਸ਼ੀ ਦੇ ਆਗ਼ੋਸ਼ ਵਿੱਚ ਹਰ ਕੋਈ ਆਉਣਾ ਚਾਹੁੰਦਾ ਹੈ। ਖ਼ੁਸ਼ੀ ਦਾ ਨਿੱਘ, ਇਸ ਵਿੱਚ ਸ਼ਾਮਿਲ ਹੋਣ ਵਾਲਿਆਂ ਦੇ ਮਨਾਂ ਨੂੰ ਵੀ ਨਿੱਘਾ ਅਤੇ ਆਨੰਦਿਤ ਕਰਦਾ ਹੈ। ਖ਼ੁਸ਼ੀ ਪਸਰ ਕੇ, ਖਿੰਡ ਕੇ, ਦੂਣੀ-ਚੌਣੀ ਹੁੰਦੀ ਹੈ। ਹਰ ਕੋਈ ਹੱਸਣਾ ਚਾਹੁੰਦਾ ਹੈ ਤੇ ਹਾਸੇ ਵਿੱਚ ਸ਼ਰੀਕ ਹੋਣਾ ਚਾਹੁੰਦਾ ਹੈ ਤਾਂ ਜੋ ਜੀਵਨ ਦੇ ਕੁਝ ਪਲ ਹਲਕੇ ਫ਼ੁਲਕੇ ਗੁਜ਼ਰ ਜਾਣ ਪਰ ਜਦੋਂ ਕੋਈ ਦੁਖੀ ਹੁੰਦਾ ਹੈ ਤਾਂ ਹਰ ਕੋਈ ਉਸ ਪਾਸੋਂ ਟਾਲ਼ਾ ਵੱਟ ਜਾਂਦਾ ਹੈ। ਡਰ ਹੁੰਦਾ ਹੈ ਕਿ ਕਿਤੇ ਉਸ ਦੇ ਦੁੱਖ ਦੀਆਂ ਤਰੰਗਾਂ ਆਪਣੇ ਮਨ ਨੂੰ ਵੀ ਆਪਣੇ ਪ੍ਰਭਾਵ ਹੇਠ ਨਾ ਲੈ ਆਉਣ।

ਜਦ ਅਸੀਂ ਜਾਣਦੇ ਹਾਂ ਕਿ ਇਹ ਸੰਸਾਰ, ਇਹ ਜੀਵਨ, ਦੁੱਖ-ਸੁੱਖ ਦਾ ਸੰਗਮ ਹੈ ਤਾਂ ਫਿਰ ਜਦੋਂ ਅਸੀਂ ਖ਼ੁਸ਼ੀਆਂ ਦਾ ਸਵਾਗਤ ਦਿਲ ਖੋਲ੍ਹ ਕੇ ਕਰਦੇ ਹਾਂ ਤਾਂ ਦੁੱਖ ਨੂੰ ਵੀ ਖਿੜੇ ਮੱਥੇ ਪਰਵਾਨ ਕਿਉਂ ਨਾ ਕਰੀਏ। ਖਿੜੇ ਮੱਥੇ ਪਰਵਾਨ ਕਰਨ ਦਾ ਅਰਥ ਇਹ ਨਹੀਂ ਕਿ ਅਸੀ ਬੇਸਬਰੀ ਨਾਲ ਦੁੱਖ ਦੀ ਉਡੀਕ ਕਰੀਏ ਜਾਂ ਉਸਨੂੰ ਆਪਣੇ ਘਰ ਵਿੱਚ ਪੱਕਾ ਡੇਰਾ ਜਮਾਅ ਲੈਣ ਦੀ ਖੁੱਲ੍ਹ ਦੇਈਏ ਸਗੋਂ ਇਸਦਾ ਭਾਵ ਹੈ ਕਿ ਅਸੀਂ ਉਸ ਨੂੰ ਵੀ ਆਏ ਹੋਏ ਨੂੰ ਖ਼ੁਸ਼ਾਮਦੀਦ ਆਖੀਏ ਤੇ ਮਾਨਸਿਕ ਅਤੇ ਭੌਤਿਕ ਹਾਲਾਤਾਂ ਨੂੰ ਸੁਖਾਵੇਂ ਕਰਨ ਦਾ ਯਤਨ ਕਰੀਏ। ਯਕੀਨੀ ਗੱਲ ਹੈ ਕਿ ਅਜਿਹੇ ਵਿੱਚ ਦੁੱਖ ਵੀ ਸਾਡਾ ਘਰ ਛੱਡ ਕੇ ਜਾਣ ਲਈ ਕਾਹਲ਼ਾ ਹੋਵੇਗਾ ਕਿਉਂਕਿ ਅਜਿਹੇ ਦਿਲ ਵਾਲੇ ਮਨੁੱਖ ਨੂੰ ਉਹ ਵੀ ਦੁਖੀ ਦੇਖਣਾ ਨਹੀਂ ਚਾਹੇਗਾ।

ਜਦੋਂ ਅਸੀਂ ਕਿਸੇ ਦੀ ਖ਼ੁਸ਼ੀ ਵਿੱਚ ਸ਼ਰੀਕ ਹੋ ਕੇ ਆਪਣੇ ਜੀਵਨ ਦੇ ਕੁਝ ਪਲ ਹਲਕੇ ਅਤੇ ਫੁੱਲਾਂ ਜਿਹੇ ਮਹਿਕਦੇ ਹੋਏ ਕਰਨਾ ਚਾਹੁੰਦੇ ਹਾਂ ਤਾਂ ਜੇਕਰ ਅਸੀ ਕਿਸੇ ਦੇ ਦੁੱਖ ਵਿੱਚ ਉਸਦੀ ਬਾਂਹ ਪਕੜ ਲਈਏ ਤੇ ਉਸਨੂੰ ਕੁਝ ਸਹਾਰਾ ਦੇ ਦੇਈਏ ਤਾਂ ਕੀ ਬਾਤਾਂ! ਇਸ ਤਰ੍ਹਾਂ ਜਿੱਥੇ ਉਸਦਾ ਦੁੱਖ ਘੱਟ ਹੋਵੇਗਾ, ਓਥੇ ਸਾਡੇ ਮਨ ਨੂੰ ਵੀ ਅਦੁੱਤੀ ਸਕੂਨ ਮਿਲੇਗਾ। ਜਦੋਂ ਸਾਡੀ ਵਜ੍ਹਾ ਨਾਲ ਕਿਸੇ ਦੇ ਮਨ ਦਾ ਬੋਝ ਹਲਕਾ ਹੁੰਦਾ ਹੈ ਤਾਂ ਸਾਡਾ ਮਨ ਕੁਦਰਤੀ ਤੌਰ 'ਤੇ ਹਲਕਾ ਹੋ ਜਾਂਦਾ ਹੈ। ਇਹ ਖ਼ੁਸ਼ੀ ਤੋਂ ਵੀ ਕੁਝ ਵਧ ਕੇ ਹੁੰਦਾ ਹੈ ਕਿਉਂਕਿ ਇਹ ਓਪਰੇ ਪੱਧਰ 'ਤੇ ਨਹੀਂ, ਮਾਨਸਿਕ ਪੱਧਰ 'ਤੇ ਘਟਣ ਵਾਲੀ ਘਟਨਾ ਹੈ। ਇਹ ਅੰਦਰੂਨੀ ਘਟਨਾ ਹੈ, ਇਹ ਸ਼ਾਂਤ-ਰੂਪ ਖ਼ੁਸ਼ੀ ਹੈ, ਇਹ ਮਨ ਦੀ ਸਥਿਰਤਾ ਹੈ।

ਦੁੱਖ ਵਿੱਚ ਜਦੋਂ ਅਸੀਂ ਕਿਸੇ ਦੀ ਬਾਂਹ ਫੜ ਲੈਂਦੇ ਹਾਂ ਤਾਂ ਮੁਸ਼ਕਲਾਂ-ਰੂਪੀ ਸਾਗਰ ਵਿੱਚ ਡੁੱਬਦੀ ਹੋਈ ਉਸਦੀ ਬੇੜੀ, ਕੁਝ ਟਿਕਾਅ ਵਿੱਚ ਆਉਣ ਲੱਗਦੀ ਹੈ। ਉਸਨੂੰ ਮਹਿਸੂਸ ਹੁੰਦਾ ਹੈ ਕਿ ਇਸ ਬੇੜੀ ਨੂੰ ਕੰਢੇ ਤੱਕ ਲੈ ਜਾਣ ਵਾਲਾ ਹੁਣ ਮੈਂ ਇਕੱਲਾ ਨਹੀਂ, 'ਅਸੀਂ' ਦੋ ਜਣੇ ਹਾਂ।

ਅਜਿਹੀ ਹਾਲਤ ਵਿੱਚ 'ਇੱਕ ਤੇ ਇੱਕ ਗਿਆਰਾਂ' ਵਾਲੀ ਅਖੌਤ ਦਾ ਭਾਵ ਪ੍ਰਕਾਸ਼ਮਾਨ ਹੁੰਦਾ ਹੈ। ਹੁਣ ਬੜਾ ਹੌਸਲਾ ਹੋ ਜਾਂਦਾ ਹੈ। ਮੰਝਧਾਰ ਵਿੱਚ ਧਸਦੀ ਜਾਂਦੀ ਬੇੜੀ ਸਾਂਝੇ ਯਤਨਾਂ ਸਦਕਾ ਕਿਨਾਰੇ 'ਤੇ ਲੱਗ ਹੀ ਜਾਂਦੀ ਹੈ ਅਤੇ ਜੇਕਰ ਨਾ ਵੀ ਲੱਗੇ ਤਾਂ ਵੀ ਇਹ ਔਖੀ ਘੜੀ ਸਾਨੂੰ ਇੱਕ ਨਿੱਗਰ ਸਾਥੀ ਦਾ ਅਨਮੋਲ ਤੋਹਫ਼ਾ ਤਾਂ ਦੇ ਹੀ ਜਾਂਦੀ ਹੈ।

SHRI GURU RAVIDASS SABHA (CA)
2150 Crestview Drive, Pittsburg CA 94565
Tel : (925) 439-2355

Devoted families are requesting entire Sangat
to attend the following functions:

**November 12,2017 Sukhmani Sahib Path and Langar Sewa by Sarbjit Singh and Family**

Sukhmani Sahib Path and Langar Sewa will be hosted by Bhai Sarbjit Singh, his son Jagdip Singh and their family for Sukh Shanti and Chardi Kala .May Waheguru bless the family with good health & fulfill all their desires.

**November 19, 2017 Barsi of Late Bibi Sukhraji Indar ji**

Sukhmani Sahib Path and Langar Sewa will be hosted by Bibi Suruj Sen in the loving memories of her mother Late Sukhraji Indar(Mother of Late Dharma Sundar & late Chand Raj).May Waheguru bless the departed soul with eternal peace.

"NANAK NAM CHARDI KALA TERE BHANE SARBAT DA BHALA"

www.sriguruRavidasstemple.com

| Sangat Sewadars | Chairman | President | General Secretary | Treasurer |
| --- | --- | --- | --- | --- |
| | Ramesh Suman | Kashmiri Bhatia | Dilbag Singh | Vinod Kumar |
| | 925.366.3618 | 408.460.0262 | 209.834.4641 | 408.718.2506 |

## ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ-

# ਕੁਦਰਤ ਤੇ ਔਰਤ



ਜਤਿੰਦਰ ਕੌਰ ਰੰਧਾਵਾ
1-647-982-2390

ਉਹ ਦੇਖ ,
ਕੋਂਪਲ ਫੁੱਟੀ
ਹਰੀ ਕਚੂਰ
ਭਾਅ ਮਾਰਦੀ
ਆਲੇ ਦੁਆਲੇ ਦਾ
ਦਿਲ ਲੁਭਾਉਂਦੀ
ਮਿੱਠਾ ਮਿੱਠਾ ਮੁਸਕਰੌਂਦੀ

ਕਾਦਰ ਵੱਲ
ਬਾਹਾਂ ਉਲਾਰਦੀ

ਉਹ ਵਾਰੇ ਵਾਰੇ ਜਾਂਦਾ
ਪੱਖਾ ਫੇਰੇ , ਪਾਣੀ ਚੋਂਦਾ
ਕਿਤੇ ਮੁਰਝਾਏ ਨਾ
ਸੁੱਕ ਜਾਏ ਨਾ
ਮੇਰੀ ਨਨ੍ਹੀ ਕਲੀ
ਬਸ ਇਹੀ ਚਾਹੁੰਦਾ

ਉਹ ਖਿੜਦੀ
ਖਿੜ ਖਿੜ ਹੱਸਦੀ
ਆਲ਼ੇ ਦੁਆਲ਼ੇ ਤੱਕਦੀ
ਖੁਸ਼ੀ ਠੱਲ ਨਾ ਸਕਦੀ
ਆਹ, ਕਿਹਾ ਨਜ਼ਾਰਾ
ਮੇਰਾ ਜਗ ਸਾਰਾ
ਅਨਭੋਲ ਵਿਚਾਰੀ
ਆਪਣੇ ਪਰਾਏ ਦਾ
ਭੇਦ ਨਾ ਜਾਣਦੀ

ਇੱਕ ਦਿਨ ਕਦੀ
ਅਣ ਕਿਆਸੇ
ਝਖੜ ਝੁੱਲਦਾ
ਅੱਧਖਿੜੀ ਕਲੀ
ਮਧੋਲਦਾ, ਲਤਾੜਦਾ
ਖੇਰੂੰ ਖੇਰੂੰ ਕਰਦਾ
ਸਰਾਪਦਾ

ਆਪਣੇ ਮਾਲੀ ਦੇ
ਮੋਹ ਸਦਕਾ
ਉਹ ਮਿੱਧੀ ਕਲੀ
ਫੇਰ ਸਾਹ ਭਰਦੀ
ਉੱਠ ਖੜਦੀ
ਹੌਲੀ ਹੌਲੀ ਗਵਾਚੇ
ਨਕਸ਼ ਭਾਲਦੀ
ਬੀਤੇ ਪਲ ਵਿਸਾਰਦੀ

ਫੇਰ ਵਿਗਸਦੀ ,ਮੌਲਦੀ
ਆਪਣੀ ਮੌਜ ਸਵਾਰਦੀ
ਹਰੀ ਕਚੂਰ ਤੋਂ ਗੂੜ੍ਹੀ
ਸਾਵੀ ਹੁੰਦੀ ,ਨਿਖਰਦੀ
ਆਲਾ ਦੁਆਲਾ ਸ਼ਿੰਗਾਰਦੀ
ਫੇਰ ਰੁੱਤ ਹੱਸਦੀ
ਫੇਰ ਰੁੱਤ ਨੱਸਦੀ
ਜੋਬਨ ਰੁੱਤ ਮਾਣਦੀ
ਅਗਨ ਰੁੱਤ ਛਾਣਦੀ
ਇਕ ਮਘਦਾ ਸੀਨਾ ਭਾਲਦੀ
ਅੱਗ ਨਾਲ ਅੱਗ ਰਲਦੀ
ਲੱਟ ਲੱਟ ਬਲਦੀ
ਆਪਣੀ ਹਸਤੀ ਭੁੱਲ
ਇੱਕ ਮਿੱਕ ਹੁੰਦੀ
ਰੂਹ ਤਾਈਂ ਠਾਰਦੀ

ਛੱਮਾ ਛੱਮ ਮੀਂਹ ਵਰ੍ਹਦਾ
ਧੁਰ ਅੰਦਰ ਲਹਿੰਦਾ
ਕਣ ਕਣ ਮਹਿਕ ਉੱਠਦਾ
ਭਿੱਜ ਭਿੱਜ -ਸਿੰਜ ਸਿੰਜ
ਮੂੰਹ ਮੱਥਾ ਚਮਕਦਾ
ਸੁੱਚਾ ਸੁੱਚਾ ਹੁੰਦਾ
ਹਸਤੀ ਅੰਦਰ ਹਸਤੀ
ਪਨਪਦੀ ,ਟਹਿਕਦੀ
ਜੋਤ ਤੋਂ ਜੋਤ ਜਗਦੀ

ਫੇਰ ਤੋਂ ਮੌਲਦੀ
ਰੰਗ ਭਰਦੀ
ਰੂਪ ਬਦਲ ਜਾਂਦੇ
ਰੰਗ ਬਦਲ ਜਾਂਦੇ
ਆਪਣੇ ਵਰਗੇ ਹੀ
ਕਈ ਹੋਰ ਨਕਸ਼
ਖਿਲਰ ਜਾਂਦੇ
ਇੰਜ ਕੁਦਰਤ
ਆਪਣੀ ਖੇਡ ਖਿਲਾਰਦੀ

ਰੰਗ ਹੋਰ ਵੀ ਗੂੜੇ
ਹੋਰ ਗੂੜੇ ਹੋ ਜਾਂਦੇ
ਲਾਲ ,ਪੀਲੇ, ਨਾਰੰਗੀ
ਗੁਲਾਬੀ ,ਗੁਲਾਨਾਰੀ
ਹੁਸਨ ਸ਼ਿਖਰ ਤੇ
ਸਾਂਭਿਆ ਨਾ ਸੰਭਲਦਾ
ਡੁੱਲ੍ਹ ਡੁੱਲ੍ਹ ਪੈਂਦਾ
ਝਰ ਝਰ ਝਰਦਾ
ਪੱਤਾ ਪੱਤਾ ਹੋ
ਰੇਸ਼ਾ ਰੇਸ਼ਾ ਹੋ
ਹਰ ਪਾਸੇ ਖਿੱਲਰ ਜਾਂਦਾ

ਘਰ ਦੇ ਹਰ ਜੀ ਵਿੱਚ ਦਿਸਦਾ
ਬਾਗ਼ ਦੀ ਹਰ ਲੀਹ ਵਿਚ ਦਿਸਦਾ
ਆਪਾ ਵਾਰ ਵਾਰ ਖੁਸ਼ ਹੁੰਦੀ
ਬਹਾਰ ਤੋਂ ਫੇਰ ਖਿਜ਼ਾਂ ਹੁੰਦੀ
ਫੇਰ ਤੋਂ ਨਵੀਆਂ ਕੋਂਪਲਾਂ ਫੁੱਟਦੀਆਂ
ਖਿੜਦੀਆਂ , ਮੌਜਾਂ, ਬਹਾਰਾਂ ਲੁੱਟਦੀਆਂ
ਘਰ ਆਂਗਣ ਹੁੰਝ ਹੁੰਝ ਲਿਸ਼ਕੋਣ ਦੀਆਂ
ਸਾਰੇ ਕਿਰੇ ਪੱਤੇ ਕੱਠੇ ਕਰਦੀਆਂ
ਦਰਾਂ ਤੋਂ ਦੂਰ ਜਾ ਦਫ਼ਨੋਂਦੀਆਂ
ਬਸ ਇੰਜ ਦੁਆ ਬਣਦੀ
ਕਦੇ ਅਸੀਸ ਹੁੰਦੀ
ਫਿਰ ਇੱਕ ਔਰਤ ,
ਕੁਦਰਤ ਬਣਦੀ ਜਾਂ
ਕੁਦਰਤ ਵੀ ਔਰਤ ਦੀ
ਹੀ ਤਸਵੀਰ ਹੁੰਦੀ।

# ਨਾਮਵਰ ਗਜ਼ਲਗੋ ਸੁਰਿੰਦਰ ਸੀਰਤ ਦੀ ਕਿਤਾਬ 'ਸਿਰਜਣਾ ਤੇ ਸੰਵਾਦ' ਬਾਰੇ ਕੁਝ ਸ਼ਬਦ

ਕਸ਼ਮੀਰ ਅਤੇ ਕੈਲੇਫੋਰਨੀਆ ਦਾ ਨਾਮਵਰ ਗਜ਼ਲਗੋ, ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚ ਫਿਲਬੌਟਮੀ ਦਾ ਰਹਿ ਚੁੱਕਿਆ ਪ੍ਰੋਫੈਸਰ ਸੁਰਿੰਦਰ ਸਿੰਘ ਸੀਰਤ ਦੀ 296 ਸਫਿਆਂ ਦੀ ਕਿਤਾਬ 'ਸਿਰਜਣਾ ਤੇ ਸੰਵਾਦ' ਨੂੰ ਦੇਖਦੇ ਸਾਰ ਹੀ ਪੜ੍ਹਨ ਲਈ ਖਿੱਚ ਪੈ ਜਾਂਦੀ ਹੈ। ਇਸ ਵਿਚ 36 ਸਾਹਿਤਕਾਰ ਵਿਦਵਾਨਾਂ ਨੇ ਟਿੱਪਣੀਆਂ ਅਤੇ ਹਵਾਲੇ ਦੇ ਕੇ ਆਪਣੇ ਵਿਚਾਰ ਪੇਸ਼ ਕੀਤੇ ਹਨ ਅਤੇ ਸਾਰਿਆਂ ਨੇ ਅਰੂਪੇ ਅੱਖਰਾਂ ਦੇ ਅਕਸ ਅਤੇ ਗਜ਼ਲ ਸੰਗ੍ਰਹਿ ਦੀ ਸਾਰੀ ਕਿਤਾਬ ਸਲਾਹੀ ਹੈ।

ਮੈਂ ਵੀ ਪਾਠਕ ਅਤੇ ਦੋਸਤ ਹੋਣ ਦੇ ਨਾਤੇ, ਸਾਰੀ ਕਿਤਾਬ ਦੋ ਵਾਰ ਬਰੀਕਬੀਨੀ ਨਾਲ ਪੜ੍ਹੀ ਹੈ ਅਤੇ ਹਮਦਰਦ ਦੇ ਰੂਪ 'ਚ ਕੁਝ ਸ਼ਬਦ ਲਿਖੇ ਹਨ। ਸੀਰਤ ਸਾਹਿਬ ਦਾ ਗਜ਼ਲ, ਸੋਚ, ਸਰੋਕਾਰ, ਸਮਾਜ ਦੇ ਗੂੜ੍ਹੇ-ਫਿੱਕੇ ਰੰਗ, ਕੁਦਰਤ ਦੀ ਸੁੰਦਰਤਾ, ਤਨਹਾਈ, ਮੁਹੱਬਤ ਅਤੇ ਜਾਤਾਂ ਪਾਤਾਂ ਤੋਂ ਉਪਰ ਉਠ ਕੇ, ਤਕਰੀਬਨ ਜ਼ਿੰਦਗੀ ਦੇ ਹਰੇਕ ਪਹਿਲੂ ਬਾਰੇ ਗਜ਼ਲ ਲਿਖੀ ਹੈ। ਗਜ਼ਲ ਦੇ ਅਨੁਸ਼ਾਸਨ, ਸਮੁੰਦਰ ਦੀ ਹੇਠਲੀ ਤਹਿ ਅਤੇ ਅਕਰਸ਼ ਦੀ ਉਪਰਲੀ ਸਤ੍ਹਾ ਦੀ ਖੁਦਾਈ ਕਰਕੇ, ਸੁਨਹਿਰੀ ਕਲਮ ਦੇ ਨਾਲ ਨਾਲ ਸੋਨੇ 'ਤੇ ਸੁਹਾਗੇ ਵਾਲੀ ਗੱਲ ਕੀਤੀ ਹੈ। ਇਸ ਲਈ ਸੀਰਤ ਸਾਹਿਬ ਵਧਾਈ ਦਾ ਪਾਤਰ ਹੈ, ਸਿਰਫ ਪਾਤਰ ਹੀ ਨਹੀਂ ਬਲਕਿ ਨਵੀਂ ਪੀੜ੍ਹੀ ਵਾਸਤੇ ਗਜ਼ਲ ਦਾ ਲਿਖਤੀ ਰੂਪ ਵਿਚ ਮੰਜ਼ਰ ਪੇਸ਼ ਕੀਤਾ ਹੈ।ਮੇਰੀ ਸੋਚ ਮੁਤਾਬਕ ਜਿਸ ਵੀ ਲੇਖਕ ਨੇ ਸਾਂਝੀਵਾਲਤਾ ਦੀ ਗੱਲ ਕਰਨੀ ਹੈ, ਨਾਲ ਨਾਲ ਉਸ ਦੀ ਸ਼ਬਦਾਵਲੀ ਪਾਠਕ ਨੂੰ ਸਮਝ ਆਉਂਦੀ ਤਾਂ ਅਕਸਰ ਜ਼ਿਆਦਾ ਪਾਠਕ ਉਸ ਨਾਲ ਜੁੜਦੇ ਹਨ। ਸੁਰਿੰਦਰ ਸੀਰਤਾ ਵੀ ਉਹਨਾਂ ਲੇਖਕਾਂ 'ਚੋਂ ਇਕ ਗਜ਼ਲਗੋ ਹੈ। ਦਾਸ ਨੇ ਕਿਤਾਬ 'ਚੋਂ ਕੁਝ ਸ਼ਿਅਰ ਕੋਡ ਕੀਤੇ ਹਨ, ਜਿਵੇਂ- ਰਕਤ ਸਾਹਾਂ 'ਚ ਜਜ਼ਬ ਹੋਵੇ, ਕੁਝ ਤਾਂ ਜੀਣੇ ਦਾ ਸਬੱਬ ਹੋਵੇ। ਤੂੰ ਘੱਟ ਗਿਣਤੀ ਦਾ ਪਾਤਰ, ਹੋਰ ਚੇਤੰਨ ਹੋ,




ਸਫਰ ਆਪਣਾ ਦਿਸ਼ਾ ਹਿਤ ਰੱਖ, ਨਾ ਭਟਕਣ ਦੇ। ਕਿੰਝ ਸੀਰਤ ਕਮਾਲ 'ਤੇ ਪੁੱਜਣਾ, ਕਾਸ਼ ਮੇਰਾ ਵੀ ਰਹਿਨੁਮਾ ਹੁੰਦਾ। ਨਵੀਂ ਸਭਿਅਤਾ ਹੱਸ ਰਹੀ ਹੈ, ਨਵੇਂ ਹੀ ਕਰਤੱਬ ਦੱਸ ਰਹੀ ਹੈ। ਇਹ ਮੰਨਿਆ ਤੇਰਾ ਧਰਮ ਉਚਾ ਤੇ ਸੁੱਚਾ, ਕਰੇ ਭੰਗ ਮੇਰਾ ਇਬਾਦਤ ਨਹੀਂ ਹੈ। ਅੰਨ੍ਹੀ ਬਸਤੀ 'ਚ ਦੇਖਦਾ ਕੀ ਏਂ, ਗੁੰਮ ਏ ਪਹਿਚਾਣ, ਭਾਲਦਾ ਕੀ ਏਂ। ਪੱਥਰ'ਤੇ ਨਕਸ਼ ਹਾਂ ਮੈਂ ਮਿੱਟੀ ਤੇ ਤਾਂ ਨਹੀਂ ਹਾਂ, ਜਿੰਨਾ ਕਿਸੇ ਮਿਟਾਇਆ ਹੁੰਦਾ ਗਿਆ ਡੂੰਘੇਰਾ। ਹੋਰ ਕਦਮਾਂ 'ਚ ਵਿਛਦਾ ਜਾਵਾਂਗਾ, ਮੈਂ ਤਾਂ ਰਸਤਾ ਹਾਂ, ਧੁਰ ਪੁਚਾਵਾਂਗਾ। ਜਿਸ ਨੇ ਦਮ ਸੀ ਖੁਦਾਈ ਦਾ ਭਰਿਆ, ਉਸ ਦੇ ਕਾਰਨ ਹੀ ਧਰਮ ਟੁੱਟਿਆ ਏ। ਅਜੀਤ ਸਿੰਘ ਮਸਤਾਨਾ ਦਾ ਇਕ ਸ਼ਿਅਰ ਹੈ- ਹੈ ਮੇਰਾ ਸਾਥੀ, ਸੁੱਖਾ ਤੇ ਹਾਣ ਸੀਰਤ, ਅਦਬ ਦੇ ਸਾਹਿਤ ਦੀ ਭਰਵੀਂ ਖਾਣ ਸੀਰਤ। ਦਾਸ ਨੇ ਵੀ (ਕਮਲ ਬੰਗਾ) ਨੇ ਵੀ ਕਿਤਾਬ ਦੇ ਸਿਰਲੇਖ ਸਿਰਜਣਾ ਅਤੇ ਸੰਵਾਦ ਬਾਰੇ ਇਕ ਸ਼ਿਅਰ ਇਸ ਤਰ੍ਹਾਂ ਲਿਖਿਆ ਹੈ ਜਿਵੇਂ- ਸਿਰਜਣਾ ਤੇ ਸੰਵਾਦ, ਸ਼ਬਦਾਂ ਤੇ ਸੋਚਾਂ ਦਾ ਸਮੁੰਦਰ ਹੈ, ਨਾਲ ਨਾਲ ਇਹ, ਸ਼ਾਇਰ ਦੇ ਮਨ ਦਾ ਮੰਦਰ। ਉਂਝ ਵੀ ਸ਼ਿਅਰ ਦੁੱਖ ਸੁੱਖ ਦਾ ਰਾਗ ਹੁੰਦਾ, ਸਾਜ਼ ਜਿਸ ਦਾ ਹਰ ਵੇਲੇ ਵੱਜਦਾ ਅੰਦਰ ਹੈ। ਮੇਰੀ ਸਮਝ ਮੁਤਾਬਕ ਸੁਰਿੰਦਰ ਸੀਰਤ ਜੀ ਨੇ ਸਿਰਜਣਾ ਤੇ ਸੰਵਾਦ ਰਚ ਕੇ ਪਾਠਕਾਂ ਨੂੰ ਆਨੰਦਮਈ ਕੀਤਾ ਹੈ। ਉਸ ਨੂੰ ਹਰੇਕ ਪੱਖ ਤੋਂ ਵਧਾਈ ਦਿੰਦਾ ਹੈ। ਧੰਨਵਾਦ।



**- ਕਮਲ ਬੰਗਾ,**
**ਸੈਕਰਾਮੈਂਟੋ**
917-897-8570


# ਪੁਸਤਕ ਚਰਚਾ

ਪੁਸਤਕ ਦਾ ਨਾਂਅ : ਜੀਵਨ ਦੇ ਰੰਗ (ਕਾਵਿ- ਸੰਗ੍ਰਹਿ)
ਲੇਖਕ : ਬਲਦੇਵ ਸਿੰਘ ਪ੍ਰਦੇਸੀ
ਪੰਨੇ :137, ਕੀਮਤ : 250K-ਰੁਪਏ
ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਕ,ਮੋਹਾਲੀ Kਚੰਡੀਗੜ੍ਹ ।

ਬਲਦੇਵ ਸਿੰਘ ਪ੍ਰਦੇਸੀ ਕਾਵਿ- ਜਗਤ ਵਿੱਚ ਜਾਣਿਆਂ ਪਹਿਚਾਣਿਆਂ ਹਸਤਾਖਰ ਹੈ। ਹਥਲੀ ਪੁਸਤਕ ਵਿੱਚ ਉਸ ਦੀ ਕਾਵਿ -ਚੇਤਨਾ ਪਰਿਵਾਰਕ, ਸਮਾਜਕ ਅਤੇ ਧਾਰਮਿਕ ਰੰਗ ਵਿੱਚ ਰੰਗੀ ਪੰਜਾਬੀ ਪਾਠਕਾਂ ਨਾਲ ਮਲੋਮੱਲੀ ਸਾਂਝ ਪਾਉਂਦੀ ਹੈ। ਇਸ ਪੁਸਤਕ ਦਾ ਮੁੱਖ -ਬੰਦ ਰਾਜ ਕੁਮਾਰ ਸਾਹੋਵਾਲੀਆ ਵਲੋਂ ਲਿਖਿਆ ਗਿਆ ਹੈ ਜੋ ਇਸ ਕਵੀ ਦੀ ਉਸਾਰੂ ਸੋਚ ਦੀ ਸਹੀ ਪਾਉਂਦਾ ਹੈ।

ਇਸ ਪੁਸਤਕ ਵਿੱਚ ਕੁੱਲ 100 ਰਚਨਾਵਾਂ ਨੂੰ ਇਕੱਤਰ ਕਰਕੇ ਇਕ ਖ਼ੂਬਸੂਰਤ ਕਾਵਿ- ਗੁਲਦਸਤਾ ਤਿਆਰ ਕੀਤਾ ਗਿਆ ਹੈ । ਇਹਨਾਂ ਰਚਨਾਵਾਂ ਨੂੰ ਕਵੀ ਜਿਥੇ ਮਨੁੱਖੀ ਜੀਵਨ ਅਨੁਸਾਰ ਬਚਪਨ ਤੋਂ ਬੁਢਾਪੇ ਦੇ ਵਖ -ਵਖ ਰੰਗਾਂ ਨੂੰ ਪੇਸ਼ ਕਰਦਾ ਹੈ ਉਥੇ ਉਹ ਗੁਰਬਤ ਦੀ ਦਲਦਲ ਵਿੱਚ ਧਸੇ ਬਚਪਨ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਿਆ ।ਕਵੀ ਸ਼ਿਦਤ ਨਾਲ ਲਿਖਦਾ ਹੈ :-

"ਲੈ ਹੱਥਾਂ 'ਚ ਬੋਰੀਆਂ ਕੁਝ ਬੱਚੇ ਆਵਣ।
ਚੁੱਕ ਕਾਗਜ਼ ਤੇ ਕਚਰਾ ਉਹ ਬੋਰੀਆਂ 'ਚ ਪਾਵਣ।
ਪੈਰਾਂ ਤੋਂ ਨੰਗੇ ਅਧੱ-ਕੱਪੜੇ ਸੀ ਪਾਏ।
ਤੁਰੇ ਰੋਟੀ ਲੱਭਣ ਮਾਂ ਧਰਤੀ ਦੇ ਜਾਏ।"




ਕਵੀ ਨੇ ਰਚਨਾਵਾਂ ਵਿੱਚ ਨਿੱਜ ਨਹੀਂ ਸਗੋਂ ਸਮਾਜਕ ਸਰੋਕਾਰਾਂ ਨੂੰ ਪ੍ਰਦਰਸ਼ਿਤ ਕੀਤਾ ਹੈ। ਕਵੀ ਸੰਯੁਕਤ ਪਰਿਵਾਰਾਂ ਦੇ ਤਿੜਕਣ ਤੇ ਵੀ ਝਾਤ ਪਾਉਂਦਾ ਹੈ। ਉਹ ਰਾਜਨੀਤਕ ਵਰਤਾਰੇ ਵਲੋਂ ਪਾਈਆਂ ਜਾ ਰਹੀਆਂ ਵੰਡੀਆਂ ਵੀ ਨਹੀਂ ਭੁੱਲਦਾ ।ਉਹ ਲਿਖਦਾ ਹੈ:-

" ਰਾਜਨੀਤਕਾਂ ਨੇ ਲੋਕਾਂ ਨੂੰ ਧੜਿਆਂ 'ਚ ਵੰਡਿਆ,
ਇਹ ਕੁਰਸੀ ਦੇ ਕਿੱਸੇ, ਪਾਏ ਪੁਆੜੇ ਗੱਦੀ ।"

ਬਲਦੇਵ ਨੇ ਔਰਤ ਦੇ ਹਿੱਸੇ ਆਏ ਵਿਤਕਰੇ ਦੀ ਤਰਾਸ਼ਦੀ ਨੂੰ ਵੀ ਬੜੀ ਸੰਜੀਦਗੀ ਨਾਲ ਬਿਆਨ ਕੀਤਾ ਹੈ। ਉਹ ਔਰਤ ਦੇ ਸਨਮਾਨ ਦੀ ਪ੍ਰੋੜਤਾ ਕਰਦੀ ਰਚਨਾ ਦਾ ਨਮੂਨਾ ਕੁਝ ਇਸ ਤਰ੍ਹਾਂ ਲਿਖਦਾ ਹੈ।

"ਹਰ ਘਰ ਦੇ ਵਿੱਚ , ਹਰ ਇੱਕ ਔਰਤ ,
ਮੋਮਬੱਤੀ ਦੀ ਤਰ੍ਹਾਂ ਬਲਦੀ ਰਹਿੰਦੀ।
ਦੁੱਖਾਂ- ਸੁੱਖਾਂ ਦੇ ਪਰਛਾਵਿਆਂ ਹੇਠਾਂ,
ਧੁੱਖਦੀ ਰਹਿੰਦੀ, ਜਲਦੀ ਰਹਿੰਦੀ ।"

ਕਵੀ ਅੱਜ ਦੇ ਯੁੱਗ ਵਿੱਚ ਵਧ ਰਹੇ ਨਸ਼ੇ ਦੇ ਰੁਝਾਨ ਵਿੱਚ ਲਥਪਥ ਹੋਈ ਜਵਾਨੀ ਲਈ ਵੀ ਚਿੰਤਤ ਹੈ।ਨੇਤਰਹੀਣ ਕੁੜੀ ਬਾਰੇ ਕਵਿਤਾ ਇਸ ਪੁਸਤਕ ਵਿੱਚ ਵਿਲੱਖਣਤਾ ਦਾ ਕੇਂਦਰ ਬਿੰਦੂ ਬਣਦੀ ਹੈ। ਅਜਿਹੇ ਦਿਲ ਟੁੰਬਵੇਂ ਵਿਸ਼ੇ ਕਵੀ ਦੀ ਪ੍ਰੋੜਤਾ ਦੀ ਅਨੂੰਠੀ ਪਹਿਚਾਣ ਬਣਦੇ ਹਨ। ਜਿਵੇਂ :-

"ਜਦ ਮਾਂ ਅਤੇ ਭਰਾ ਦੀਆਂ ਅੱਖਾਂ,
ਹੋਈਆਂ ਸਨ ਨਿਗਾਹ ਤੋਂ ਖਾਲੀ ।
ਰਹੀ ਦੇਖਭਾਲ ਪਰਿਵਾਰ ਦੀ ਕਰਦੀ,
ਜਿਵੇਂ ਰਾਖੀ ਬਾਗ ਦੀ ਕਰਦਾ ਮਾਲੀ।"

ਇਹ ਪੁਸਤਕ ਵਿਚਲੇ ਫੁਲਾਂ ਲੱਦੇ ਬੂਟਿਆਂ ਦੇ ਨਜ਼ਾਰੇ ,ਜਾਨਵਰਾਂ ਦੇ ਦਰਦ,ਸਾਵਨ ਦੇ ਰੰਗ ਅਤੇ ਹੋਰ ਅਨੇਕਾਂ ਵਿਸ਼ਿਆਂ ਦੇ ਰੰਗ ਇਸ ਪੁਸਤਕ ਨੂੰ ਨਿਰਸੰਕੋਚ ਪਾਠਕਾਂ ਵੱਲ ਖਿੱਚਦੇ ਹਨ।

**- ਕਸ਼ਮੀਰ ਘੇਸਲ**
9463656047

# ਸਾਹਿਤ ਕਲਾ ਦੀ ਨਵੀਆਂ ਕਲਮਾਂ ਨੂੰ ਅੱਗੇ ਲਿਆਉਣ ਦੀ ਲੋੜ - ਜੱਸਲ

## ਸਾਹਿਤਕਾਰ ਰਣਜੀਤ ਸ਼ਵੀ ਅਤੇ ਇੰਦਰਜੀਤ ਕਾਜਲ ਦਾ ਸਨਮਾਨ

**ਸ਼ਾਮਚੁਰਾਸੀ (ਚੁੰਬਰ)–** ਸਾਹਿਬ ਕਲਾ ਦੇ ਖੇਤਰ ਵਿਚ ਨਵੀਆਂ ਪੁੰਗਰ ਰਹੀਆਂ ਕਲਮਾਂ ਨੂੰ ਅੱਗੇ ਲਿਆਉਣ ਦੀ ਲੋੜ ਹੈ। ਕਿਉਂਕਿ ਅਜੋਕੀ ਸਾਹਿਤ ਕਲਾ ਨੂੰ ਪੱਛਮੀ ਸੱਭਿਅਤਾ ਨੇ ਢਾਹ ਲਗਾ ਦਿੱਤੀ ਹੈ, ਜੇਕਰ ਸਾਡੀਆਂ ਨਵੀਆਂ ਕਲਮਾਂ ਨੂੰ ਸਮੇਂ ਸਿਰ ਨਾਲ ਪਰਮੋਟ ਕੀਤਾ ਗਿਆ ਤਾਂ ਆਉਣ ਵਾਲਾ ਸਮਾਂ ਸਾਹਿਤ ਕਲਾ ਅਤੇ ਮਾਂ ਬੋਲੀ ਲਈ ਹੋਰ ਵੀ ਘਾਤਕ ਸਿੱਧ ਹੋਵੇਗਾ। ਇਹ ਸ਼ਬਦ ਉੱਘੇ ਸਮਾਜ ਸੇਵਕ ਸ. ਨਰਿੰਦਰ ਸਿੰਘ ਜੱਸਲ ਹਰਦੋਖਾਨਪੁਰ ਵਾਲਿਆਂ ਨੇ 'ਸ਼ਿਵ ਨਾਮ ਦੇਵ ਘਰ' ਵਿਖੇ ਕਰਵਾਏ ਗਏ ਇਕ ਸਨਮਾਨ ਸਮਾਗਮ ਮੌਕੇ ਉੱਘੀ ਲੇਖਿਕਾ ਰਣਜੀਤ ਕੌਰ ਸ਼ਵੀ ਮਲੇਰਕੋਟਲਾ ਨੂੰ ਸਨਮਾਨ ਕਰਨ ਮੌਕੇ ਕਹੇ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਸਾਹਿਤਕਾਰਾਂ ਦਾ ਸਨਮਾਨ ਸਤਿਕਾਰ ਕਰਨ ਲਈ ਅੱਗੇ ਨਹੀਂ ਆਏ ਤਾਂ ਇਹ ਪੁੰਗਰ ਰਹੀਆਂ ਕਲਮਾਂ ਆਪਣੇ ਫਰਜਾਂ ਤੋਂ ਮੁੱਖ ਮੋੜ ਜਾਣਗੀਆਂ। ਇਸ ਮੌਕੇ ਉਨ੍ਹਾਂ ਰਣਜੀਤ ਕੌਰ ਦੀ ਨਵੀਂ ਕਾਵਿਕ ਪੁਸਤਕ 'ਰਮਜਾਂ ਨੂੰ' ਵੀ ਰਿਲੀਜ਼ ਕੀਤਾ। ਇਸ ਤੋਂ ਇਲਾਵਾ ਸਾਹਿਤਕਾਰ ਇੰਦਰਜੀਤ ਕਾਜਲ ਦਸੂਹਾ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਉਨ੍ਹਾਂ 'ਚੰਦਾ ਮਾਮਾ, ਕਿੱਥੇ ਗਈ ਮੇਰੀ ਮਾਂ' ਕਵਿਤਾ ਗਾ ਕੇ ਸਭ ਦੇ ਦਿਲਾਂ ਨੂੰ ਭਾਵੁਕ ਕਰ ਦਿੱਤਾ। ਇਸ ਸਨਮਾਨ ਮੌਕੇ ਸ. ਨਰਿੰਦਰ ਸਿੰਘ ਜੱਸਲ ਤੋਂ ਇਲਾਵਾ ਐਸ ਪੀ ਸ਼ਿੰਦਰਪਾਲ ਲੁਧਿਆਣਾ, ਨਾਟਕਕਾਰ ਅਸ਼ੋਕਪੁਰੀ, ਐਸ ਗੁਰਦੀਪ, ਜੰਗਾ ਕੈਂਥ, ਊਸ਼ਾ ਕਿਰਨ, ਬੱਬੂ ਪ੍ਰਵਾਨਾ, ਉਂਕਾਰ ਸਿੰਘ ਧਾਮੀ, ਹਰਜੀਤ ਸਿੰਘ ਮਠਾਰੂ, ਅਸ਼ੋਕ ਸ਼ਰਮਾ, ਮੈਨੇਜਰ ਬਲਦੇਵ ਬਸਰਾ, ਐਮ ਐਸ ਸੇਠੀ, ਹਰਜੀਤ ਸਿੰਘ ਜੱਸਲ, ਕੁਲਦੀਪ ਚੁੰਬਰ, ਉਮਾ ਕਾਂਤ ਖਾਨਪੁਰ, ਜਸਵੀਰ ਸਿੰਘ ਜੱਸਲ ਸਮੇਤ ਕਈ ਹੋਰ ਵਿਸ਼ੇਸ ਤੌਰ ਤੇ ਹਾਜ਼ਰ ਸਨ।





# ਕੋਈ 3 ਅਤੇ ਕੋਈ 6 ਸਾਲ - ਉਮਰ ਵਿਚ ਪਤਨੀਆਂ ਤੋਂ ਇੰਨੇ ਛੋਟੇ ਹਨ ਇਹ ਕਲਾਕਾਰ

**ਕਹਿੰਦੇ ਨੇ ਕਿ ਇਸ਼ਕ ਵਿਚ ਸਭ ਜਾਇਜ਼ ਹੈ। ਪਿਆਰ ਕਰਨ ਵਾਲਿਆਂ ਦੇ ਲਈ ਉਮਰ ਇਕ ਗਿਣਤੀ ਹੈ। ਇਸ਼ਕ ਹੋਣ ਤੋਂ ਬਾਅਦ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਪ੍ਰੇਮੀ ਦੀ ਉਮਰ ਕਿੰਨੀ ਜ਼ਿਆਦਾ ਜਾਂ ਕਿੰਨੀ ਘੱਟ ਹੈ ਕਿਉਂਕਿ ਪਿਆਰ ਕਰਨ ਵਾਲਿਆਂ ਨੂੰ ਸਿਰਫ ਆਪਣੇ ਪ੍ਰੇਮੀ ਨਾਲ ਮਤਲਬ ਹੁੰਦਾ ਹੈ। ਕਈ ਬਾਲੀਵੁੱਡ ਅਭਿਨੇਤਾਵਾਂ ਤੇ ਇਹ ਕਹਾਵਤ ਫਿੱਟ ਬੈਠਦੀ ਹੈ। ਬੀ ਟਾਊਨ ਵਿਚ ਕਈ ਅਜਿਹੇ ਫਿਲਮ ਸਟਾਰ ਹਨ, ਜਿਹਨਾਂ ਨੇ ਇਸ਼ਕ ਵਿਚ ਉਮਰ ਨੂੰ ਅੱਗੇ ਨਹੀਂ ਆਉਣ ਦਿੱਤਾ। ਉਹਨਾਂ ਨੇ ਆਪਣੇ ਤੋਂ ਵੱਡੀ ਉਮਰ ਦੀ ਲੜਕੀ ਨਾਲ ਵਿਆਹ ਕੀਤਾ।**



### ਕਰਨ ਸਿੰਘ ਗਰੋਵਰ/ ਬਿਪਾਸ਼ਾ ਬਸੂ

ਇਹ ਜੋੜੀ ਅੱਜਕਲ੍ਹ ਬਾਲੀਵੁੱਡ ਦਾ ਹੌਟ ਕਪਲ ਮੰਨੀ ਜਾਂਦੀ ਹੈ। 2016 ਵਿਚ ਅਭਿਨੇਤਰੀ ਬਿਪਾਸ਼ਾ ਬਸੂ ਨੇ ਅਭਿਨੇਤਾ ਕਰਨ ਸਿੰਘ ਗਰੋਵਰ ਨਾਲ ਵਿਆਹ ਕਰਵਾਇਆ। ਕਰਨ ਅਤੇ ਬਿਪਾਸ਼ਾਦੀ ਉਮਰ ਵਿਚ ਕੁਝ ਸਾਲਾਂ ਦਾ ਅੰਤਰ ਹੈ। ਬਿਪਾਸ਼ਾ 38 ਸਾਲ ਦੀ ਹੈ, ਜਦਕਿ ਕਰਨ ਦੀ ਉਮਰ 35 ਸਾਲ ਹੈ। ਫਿਲਹਾਲ ਇਹ ਕਪਲ ਆਪਣੇ ਵਿਆਹ ਦੀ ਲਾਈਫ ਇੰਜੁਆਏ ਕਰ ਰਿਹਾ ਹੈ। ਬਿਪਾਸ਼ਾ ਅਤੇ ਕਰਨ ਆਪਣੀਆਂ ਤਸਵੀਰਾਂ ਲਗਾਤਾਰ ਸੋਸ਼ਲ ਮੀਡੀਆ 'ਤੇ ਸ਼ੇਅਰ ਕਰਦੇ ਰਹਿੰਦੇ ਹਨ।



### ਅਭਿਸ਼ੇਕ ਬਚਨ/ ਐਸ਼ਵਰਿਆ ਰਾਏ

ਬਾਲੀਵੁੱਡ ਦਾ ਇਹ ਜੋੜਾ ਸੰਨ 2007 ਵਿਚ ਇਕ-ਦੂਜੇ ਦਾ ਹੋਇਆ ਸੀ। ਅਭਿਸ਼ੇਕ ਬਚਨ ਐਸ਼ਵਰਿਆ ਰਾਏ ਤੋਂ ਦੋ ਸਾਲ ਛੋਟਾ ਹੈ। ਐਸ਼ਵਰਿਆ ਦਾ ਜਨਮ 1973 ਵਿਚ ਹੋਇਆ ਸੀ ਅਤੇ ਅਭਿਸ਼ੇਕ 1976 ਵਿਚ ਪੈਦਾ ਹੋਇਆ ਹੈ। ਇਹਨਾਂ ਦੋਵਾਂ ਦੀ ਜੋੜੀ ਬੀ-ਟਾਊਨ ਦੀਆਂ ਟੌਪ ਜੋੜੀਆਂ ਵਿਚ ਗਿਣੀ ਜਾਂਦੀ ਹੈ।



### ਕ੍ਰਿਣਾਲ ਖੇਮੂ/ ਸੋਹਾ ਅਲੀ ਖਾਨ

ਕ੍ਰਿਣਾਲ ਖੇਮੂ ਨੇ ਚਾਈਲਡ ਆਰਟਿਸਟ ਦੇ ਤੌਰ ਤੇ ਵੱਡੇ ਪਰਦੇ ਤੋਂ ਕੰਮ ਆਰੰਭ ਕੀਤਾ ਸੀ। ਸੰਨ 2015 ਵਿਚ ਕ੍ਰਿਣਾਲ ਨੇ ਅਭਿਨੇਤਰੀ ਸੋਹਾ ਅਲੀ ਖਾਨ ਨਾਲ ਵਿਆਹ ਕਰਵਾਇਆ। ਕ੍ਰਿਣਾਲ 34 ਸਾਲ ਦਾ ਹੈ, ਜਦਕਿ ਸੋਹਾ ਦੀ ਉਮਰ 39 ਸਾਲ ਹੈ। ਦੋਵਾਂ ਵਿਚਕਾਰ 5 ਸਾਲ ਦਾ ਅੰਤਰ ਹੈ। ਹਾਲੇਕੁਝ ਦਿਨ ਪਹਿਲਾਂ ਹੀ ਸੋਹਾ ਇਕ ਬੱਚੇ ਦੀ ਮਾਂ ਵੀ ਬਣੀ ਹੈ। ਪ੍ਰੈਗਨੈਂਸੀ ਦੌਰਾਨ ਸੋਹਾ ਨੇ ਆਪਣੇ ਬੇਬੀ ਬੰਪ ਦੀ ਤਸਵੀਰ ਸੋਸ਼ਲ ਮੀਡੀਆ ਤੇ ਸ਼ੇਅਰ ਕੀਤੀ ਸੀ, ਜੋ ਕਾਫੀ ਵਾਇਰਲ ਹੋਈ ਸੀ।



### ਅਦਿਤਿਆ ਪੰਚੋਲੀ/ ਜਰੀਨਾ ਵਹਾਬ

ਜਰੀਨਾ ਛੋਟੇ ਅਤੇ ਵੱਡੇ ਪਰਦੇ ਦੀ ਚਰਚਿਤ ਅਦਾਕਾਰਾ ਹੈ। ਅਦਿਤਿਆ ਪੰਚੋਲੀ ਅਤੇ ਜਰੀਨਾ ਨੇ ਸੰਨ 1986 ਵਿਚ ਵਿਆਹ ਕੀਤਾ ਸੀ। ਅਦਿਤਿਆ ਆਪਣੀ ਪਤਨੀ ਤੋਂ ਛੇ ਸਾਲ ਛੋਟਾ ਹੈ। ਜਰੀਨਾ 58 ਸਾਲ ਦੀ ਹੈ ਅਤੇ ਅਦਿਤਿਆ ਦੀ ਉਮਰ 52 ਸਾਲ ਹੈ।

### ਅਰਜੁਨ ਰਾਮਪਾਲ/ ਮੇਹਰ ਜੇਸੀਆ

ਅਭਿਨੇਤਾ ਅਰਜੁਨ ਰਾਮਪਾਲ ਨੇ ਮਿਸ ਇੰਡੀਆ ਰਹਿ ਚੁੱਕੀ ਮੇਹਰ ਜੇਸੀਆ ਨਾਲ ਵਿਆਹ ਕਰਵਾਇਆ ਹੈ। ਦੋਵੇਂ ਸੰਨ 1998 ਵਿਚ ਇਕ-ਦੂਜੇ ਦੇ ਹੋਏ। ਅਰਜੁਨ ਆਪਣੀ ਪਤਨੀ ਤੋਂ ਚਾਰ ਸਾਲ ਛੋਟਾ ਹੈ। ਅਰਜੁਨ ਰਾਮਪਾਲ 44 ਸਾਲ ਦਾ ਹੈ ਅਤੇ ਉਸਦੀ ਪਤਨੀ ਮੇਹਰ 48 ਸਾਲ ਦੀ ਹੈ।



# ਇਸ ਅਭਿਨੇਤਰੀ ਨੇ ਕੀਤੇ ਸਨ ਸਭ ਤੋਂ ਜ਼ਿਆਦਾ ਵਿਵਾਦਗ੍ਰਸਤ ਸੀਨ

ਬਾਲੀਵੁੱਡ ਵਿਚ 60 ਅਤੇ 70 ਦੇ ਦਹਾਕੇ ਦੀਆਂ ਅਭਿਨੇਤਰੀਆਂ ਦੀ ਗੱਲ ਕਰੀਏ ਤਾਂ ਨਾਜਿਮਾ ਦਾ ਨਾਂ ਆਪਣੇ ਆਪ ਸਾਹਮਣੇ ਆ ਜਾਂਦਾ ਹੈ। ਵੈਸੇ ਤਾਂ ਨਾਜਿਮਾ ਨੂੰ ਫਿਲਮਾਂ ਵਿਚ ਸਪੋਰਟਿੰਗ ਰੋਲ ਦੇ ਲਈ ਹੀ ਜਾਣਿਆ ਜਾਂਦਾ ਹੈ ਪਰ ਉਹਨਾਂ ਦੇ ਨਾਂ ਇਕ ਹੋਰ ਰਿਕਾਰਡ ਹੈ, ਜਿਸ ਬਾਰੇ ਘੱਟ ਹੀ ਲੋਕ ਜਾਣਦੇ ਹਨ। ਨਾਜਿਮਾ ਬਾਲੀਵੁੱਡ ਦੀ ਇੱਕੋ ਇਕ ਅਜਿਹੀ ਅਭਿਨੇਤਰੀ ਸੀ, ਜਿਹਨਾਂ ਨੇ ਸਭ ਤੋਂ ਜ਼ਿਆਦਾ ਫਿਲਮਾਂ ਵਿਚ ਰੇਪ ਸੀਨ ਕੀਤੇ ਹਨ। ਉਹਨਾਂ ਨੇ ਫਿਲਮ 'ਬੇਈਮਾਨ' ਦੇ ਲਈ 1972 ਪਿਵਚ ਬੈਸਟ ਸਪੋਰਟਿੰਗ ਅਭਿਨੇਤਰੀ ਕੈਟਗਰੀ ਵਿਚ ਫਿਲਮ ਫੇਅਰ ਦੇ ਲਈ ਨਾਮੀਨੇਸ਼ਨ ਹਾਸਲ ਕੀਤੀ ਸੀ।

ਨਾਜਿਮਾ ਨੇ ਬੇਹੱਦ ਘੱਟ ਉਮਰ ਵਿਚ ਹੀ ਕਾਫੀ ਕੁਝ ਹਾਸਲ ਕਰ ਲਿਆ ਸੀ। ਕੇਵਲ 22 ਸਾਲ ਦੀ ਉਮਰ ਵਿਚ ਹੀ ਉਹ ਉਸ ਦੌਰ ਦੀਆਂ ਅਭਿਨੇਤਰੀਆਂ ਦੀ ਨਜ਼ਰ ਵਿਚ ਰੜਕਣ ਲੱਗ ਪਈ ਸੀ। ਆਪਣੇ ਛੋਟੇ ਕੈਰੀਅਰ ਵਿਚ ਹੀ ਉਹਨਾਂ ਨੇ 30 ਤੋਂ ਜ਼ਿਆਦਾ ਫਿਲਮਾਂ ਕੰਮ ਕੀਤਾ ਸੀ। 27 ਸਾਲ ਦੀ ਉਮਰ ਵਿਚ ਕੈਂਸਰ ਵਰਗੀ ਖਤਰਨਾਕਬਿਮਾਰੀ ਦੇ ਕਾਰਨ ਉਹਨਾਂ ਦੀ 1975 ਵਿਚ ਮੌਤ ਹੋ ਗਈ ਸੀ। ਨਾਜਿਮਾ ਦੇ ਇਨੋਸੈਂਟ ਲੁਕ ਦੇ ਕਾਰਨ ਉਹਨਾਂ ਨੇ ਕਈ ਫਿਲਮਾਂ ਵਿਚ ਹੀਰੋ ਜਾਂ ਹੀਰੋਇਨ ਦੀ ਛੋਟੀ ਭੈਣ ਦਾ ਕਿਰਦਾਰ ਨਿਭਾਇਆ। ਇੱਥੋਂ ਤੱਕ ਕਿ ਉਹ ਉਸ ਦੌਰ ਵਿਚ ਬਾਲੀਵੁੱਡ ਦੀ ਭੈਣ ਦੇ ਨਾਂ ਨਾਲ ਪ੍ਰਸਿੱਧ ਹੋ ਗਈ ਸੀ।





ਬਤੌਰ ਲੀਡ ਹੀਰੋਇਨ ਨਾਜਮਾ ਨੇ ਸਿਰਫ ਇਕ ਹੀ ਫਿਲਮ ਵਿਚ ਕੰਮ ਕੀਤਾ ਅਤੇ ਉਹ ਸੀ 1975 ਵਿਚ ਰਿਲੀਜ਼ ਹੋਈ 'ਦਯਾਰ-ਏ-ਮਦੀਨਾ'।

# ਦੁਨੀਆ ਭਰ 'ਚ ਚੱਲਿਆ 'ਗੋਲਮਾਲ ਅਗੇਨ' ਦਾ ਜਾਦੂ

ਪਿਛਲੇ ਹਫਤੇ ਸਿਨੇਮਾਘਰਾਂ 'ਚ ਰਿਲੀਜ਼ ਹੋਈ ਫਿਲਮ 'ਗੋਲਮਾਲ ਅਗੇਨ' ਇਨ੍ਹੀਂ ਦਿਨੀਂ ਬਾਕਸ ਆਫਿਸ 'ਤੇ ਖੂਬ ਧਮਾਲਾਂ ਪਾ ਰਹੀ ਹੈ। ਜੀ ਹਾਂ, ਇਸ ਫਿਲਮ ਨੇ ਕੁੱਲ ਮਿਲਾ ਕੇ ਬਾਕਸ ਆਫਿਸ 'ਤੇ ਦੁਨੀਆ ਭਰ 'ਚ 203 ਕਰੋੜ ਦੀ ਕਮਾਈ ਕਰ ਲਈ ਹੈ। ਦੱਸ ਦੇਈਏ ਫਿਲਮ ਨੂੰ ਬਾਲੀਵੁੱਡ ਸੁਪਰਸਟਾਰ ਆਮਿਰ ਖਾਨ ਦੀ 'ਸੀਕ੍ਰੇਟ ਸੁਪਰਸਟਾਰ' ਤੋਂ ਲਗਾਤਾਰ ਮੁਕਾਬਲਾ ਹੁੰਦਾ ਰਿਹਾ। 'ਸੀਕ੍ਰੇਟ ਸੁਪਰਸਟਾਰ ਜਿੱਥੇ 19 ਅਕਤੂਬਰ ਨੂੰ ਰਿਲੀਜ਼ ਹੋਈ ਸੀ, ਉੱਥੇ 'ਗੋਲਮਾਲ ਅਗੇਨ' ਇਕ ਦਿਨ ਬਾਅਦ ਯਾਨੀ 20 ਅਕਤੂਬਰ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਈ। 'ਗੋਲਮਾਲ ਅਗੇਨ' ਦੇ ਨਿਰਦੇਸ਼ਕ ਰੋਹਿਤ ਸ਼ੈਟੀ ਰੋਹਿਤ ਸ਼ੈਟੀ ਨੇ ਫਿਲਮ ਦੀ ਸਫਲਤਾ ਨੂੰ ਲੈ ਕੇ ਇਕ ਬਿਆਨ 'ਚ ਕਿਹਾ, ''ਮੈਨੂੰ ਖੁਸ਼ੀ ਹੈ ਕਿ 'ਗੋਲਮਾਲ ਅਗੇਨ' ਨੇ ਇਸ ਦੀਵਾਲੀ 'ਤੇ ਖੁਸ਼ੀ, ਉਤਸ਼ਾਹ ਅਤੇ ਮੁਸਕਾਨ ਬਿਖੇਰੀ ਹੈ। ਮੈਂ 'ਗੋਲਮਾਲ' ਦੀ ਸੀਰੀਜ਼ ਦੀ ਸਫਲਤਾ ਅਤੇ ਉਸਨੂੰ ਮਿਲੇ ਪਿਆਰ ਲਈ ਪ੍ਰਸ਼ੰਸਕਾਂ ਦਾ ਧੰਨਵਾਦੀ ਹਾਂ''। ਅਜੇ ਦੇਵਗਨ ਤੋਂ ਇਲਾਵਾ ਸ਼੍ਰੇਅਸ ਤਲਪੜੇ, ਤੁਸ਼ਾਰ ਕਪੂਰ, ਕੁਣਾਲ ਖੇਮੂ, ਅਰਸ਼ਦ ਵਾਰਸੀ, ਤੱਬੂ, ਪਰਿਣੀਤੀ ਚੋਪੜਾ ਵਰਗੇ ਸਟਾਰਜ਼ ਅਹਿਮ ਭੂਮਿਕਾ 'ਚ ਦਿਖਾਈ ਦੇ ਰਹੇ ਹਨ।



# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ, ਗੁਰਤਾ ਗੱਦੀ ਦਿਵਸ ਅਤੇ ਮਹਾਨ ਨਗਰ ਕੀਰਤਨ ਮਨਾਏ ਜਾਣ ਦੀਆਂ ਬਲਵਿੰਦਰ ਸਿੰਘ (ਗ੍ਰੇਟ ਇੰਡੀਆ ਕੁਜ਼ੀਨ) ਅਤੇ ਸਮੂਹ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ





## Great Indian Cuisine

House of Quality Indian Food
And Sweets and Catering




Owner: Balwinder Singh
5764 Antelope Road Suite B1
Sacramento, CA 95842
Tel - (916) 728 9595
Cell 1 - (530) 870 2688
Fax - (916) 728 9555

**ਬਲਵਿੰਦਰ ਸਿੰਘ**
ਗ੍ਰੇਟ ਇੰਡੀਆ ਕੁਜ਼ੀਨ
5764 ਐਂਟੀਲੋਪ ਰੋਡ,
ਸੁਈਟ ਬੀ1
ਸੈਕਰਾਮੈਂਟੋ
(ਕੈਲੇਫੋਰਨੀਆ)



## TANDOOR
### Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE:**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



**ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ**

BUFFET LUNCH 11:00 AM To 3:00 PM

We are open
seven days
11 AM to 10 PM

Contact Us:
Ph. 510-885-1212
Fax. 510-885-1532

## L.A. MERCHANDISE
### Whole Sale +Retail

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ
ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

**500 N. Palora Ave. Yuba City, CA 95991**

530-671-0439, Fax 530-822-0439 Cell- 530-844-3250

## ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ, ਗੁਰਤਾ ਗੱਦੀ ਦਿਵਸ ਅਤੇ ਮਹਾਨ ਨਗਰ ਕੀਰਤਨ ਮਨਾਏ ਜਾਣ ਦੀਆਂ ਸਿੱਖ ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵੱਲੋਂ ਲੱਖ-ਲੱਖ ਵਧਾਈਆਂ। ਤਸਵੀਰਾਂ ਵਿਚ ਸਿੱਖ ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਦੇ ਮੈਂਬਰ ਯੂਬਾ ਸਿਟੀ ਦੇ 38ਵੇਂ ਨਗਰ ਕੀਰਤਨ ਦਰਮਿਆਨ ਸੇਵਾ ਕਰਦੇ ਹੋਏ



























## ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ, ਗੁਰਤਾ ਗੱਦੀ ਦਿਵਸ ਅਤੇ ਮਹਾਨ ਨਗਰ ਕੀਰਤਨ ਮਨਾਏ ਜਾਣ ਦੀਆਂ ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ, ਯੂ. ਐਸ. ਏ. ਵੱਲੋਂ ਲੱਖ-ਲੱਖ ਵਧਾਈਆਂ। ਤਸਵੀਰਾਂ ਵਿਚ ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ, ਯੂ. ਐਸ. ਏ. ਮੈਂਬਰ ਯੂਬਾ ਸਿਟੀ ਦੇ 38ਵੇਂ ਨਗਰ ਕੀਰਤਨ ਸਮੇਂ ਸੇਵਾ ਕਰਦੇ ਹੋਏ



